Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post
Vol 19*Issue 76 | Friday, April 24, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

STAY HOME
STAY SAFE

# ਪ੍ਰੀਮੀਅਰ ਫੋਰਡ ਦੀ ਸੱਸ ਨੂੰ ਵੀ ਹੋਇਆ ਕੋਰੋਨਾਵਾਇਰਸ



ਓਨਟਾਰੀਓ, 23 ਅਪਰੈਲ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦੀ 95 ਸਾਲਾ ਸੱਸ ਵੀ ਕਰੋਨਾਵਾਇਰਸ ਪਾਜ਼ੀਟਿਵ ਪਾਈ ਗਈ ਹੈ।

ਉਹ ਇਟੋਬੀਕੋ ਦੇ ਵੈਸਟ ਪਾਰਕ ਲਾਂਗ ਟਰਮ ਕੇਅਰ ਹੋਮ ਵਿੱਚ ਹੈ, ਜਿੱਥੇ ਹੁਣ ਤੱਕ ਕਰੋਨਾਵਾਇਰਸ ਕਾਰਨ 13 ਮੌਤਾਂ ਹੋ ਚੁੱਕੀਆਂ ਹਨ। ਵੀਰਵਾਰ ਨੂੰ ਇਸ ਫੈਸਿਲਿਟੀ ਦੇ 49 ਰੈਜ਼ੀਡੈਂਟਸ ਤੇ ਅਮਲੇ ਦੇ 30 ਮੈਂਬਰ ਕੋਵਿਡ-19 ਪਾਜ਼ੀਟਿਵ ਪਾਏ ਗਏ। ਇਨ੍ਹਾਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਆਪਣੇ ਪਰਿਵਾਰਕ ਮੈਂਬਰਾਂ ਨਾਲ ਇਹ ਸੱਭ ਹੋਣ ਕਾਰਨ ਉਨ੍ਹਾਂ ਦੇ ਪਰਿਵਾਰਾਂ ਨੂੰ ਜਿਹੜਾ ਦਰਦ ਬਰਦਾਸ਼ਤ ਕਰਨਾ ਪੈ ਰਿਹਾ ਹੈ ਉਸ ਦੀ ਗੱਲ ਕਰਦਿਆਂ ਪ੍ਰੀਮੀਅਰ ਭਾਵੁਕ ਹੋ ਗਏ।

ਫੋਰਡ ਨੇ ਗਰੁੱਪ ਹੋਮਜ਼ ਤੇ ਸ਼ੈਲਟਰਜ਼ ਵਿੱਚ ਕੋਵਿਡ-19 ਖਿਲਾਫ ਜੰਗ ਵਾਸਤੇ ਨਵੇਂ ਮਾਪਦੰਡਾਂ ਦਾ ਐਲਾਨ ਕੀਤਾ। ਪਰ ਲਾਂਗ ਟਰਮ ਕੇਅਰ ਫੈਸਿਲਿਟੀਜ਼ ਵਿੱਚ ਹੋਣ ਵਾਲੀਆਂ ਮੌਤਾਂ ਰੁਕਣ ਦਾ ਨਾਂ ਹੀ ਨਹੀਂ ਲੈ ਰਹੀਆਂ, ਇਸ ਸਬੰਧ ਵਿੱਚ ਫੋਰਡ ਨੂੰ ਕਈ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸ ਸਿਸਟਮ ਨੂੰ ਅਸੀਂ ਬਿਹਤਰ ਬਣਾ ਸਕਦੇ ਹਾਂ। ਇਸ ਸਿਸਟਮ ਨੂੰ ਬਦਲਣ ਦੀ ਲੋੜ ਹੈ ਤੇ ਅਸੀਂ ਸਿਸਟਮ ਬਦਲਣ ਦੀ ਕੋਸ਼ਿਸ਼ ਕਰ ਰਹੇ ਹਾਂ। ਪਰ ਹਾਲ ਦੀ ਘੜੀ ਅਸੀਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਰਹਿਣ ਵਾਲੇ ਲੋਕਾਂ ਦੀ ਹਿਫਾਜ਼ਤ ਉੱਤੇ ਧਿਆਨ ਕੇਂਦਰਿਤ ਕਰ ਰਹੇ ਹਾਂ।

ਫੋਰਡ ਨੇ ਲਾਂਗ ਟਰਮ ਕੇਅਰ ਹੋਮਜ਼ ਵਿੱਚ ਇਸ ਵਾਇਰਸ ਨਾਲ ਜੰਗ ਲੜਨ ਲਈ ਕੈਨੇਡੀਅਨ ਫੋਰਸ ਦੇ ਮੈਂਬਰਾਂ ਨੂੰ ਮਦਦ ਲਈ ਭੇਜਣ ਦੀ ਮੰਗ ਮੰਨ ਲਏ ਜਾਣ ਉੱਤੇ ਫੈਡਰਲ ਸਰਕਾਰ ਦਾ ਸ਼ੁਕਰੀਆ ਵੀ ਅਦਾ ਕੀਤਾ।

# ਕੋਵਿਡ-19 ਸਬੰਧੀ ਵੈਕਸੀਨ ਤਿਆਰ ਕਰਨ ਲਈ ਫੈਡਰਲ ਸਰਕਾਰ ਦੇਵੇਗੀ 1 ਬਿਲੀਅਨ ਡਾਲਰ : ਟਰੂਡੋ




ਓਟਵਾ, 23 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਕੋਵਿਡ-19 ਸਬੰਧੀ ਵੈਕਸੀਨ ਨੂੰ ਤਿਆਰ ਕਰਨ, ਉਸ ਦੇ ਟੈਸਟ ਤੇ ਉਤਪਾਦਨ ਲਈ ਇੱਕ ਬਿਲੀਅਨ ਡਾਲਰ ਖਰਚ ਕਰੇਗੀ। ਇਸ ਦੌਰਾਨ ਇਹ ਵੀ ਪਤਾ ਲਾਇਆ ਜਾਵੇਗਾ ਕਿ ਕੈਨੇਡਾ ਵਿੱਚ ਇਹ ਵਾਇਰਸ ਕਿਸ ਹੱਦ ਤੱਕ ਫੈਲਿਆ ਹੈ।

ਅੱਜ ਐਲਾਨੀ ਗਈ ਇਹ ਰਕਮ ਲਿਬਰਲਾਂ ਵੱਲੋਂ ਮਾਰਚ ਵਿੱਚ ਐਲਾਨੀ ਗਈ 275 ਮਿਲੀਅਨ ਡਾਲਰ ਦੀ ਰਕਮ ਨਾਲੋਂ ਵੱਖਰੀ ਹੈ। ਟਰੂਡੋ ਨੇ ਸਪਸ਼ਟ ਕੀਤਾ ਕਿ ਨਵੀਂ ਰਕਮ ਵੈਕਸੀਨ ਤਿਆਰ ਕਰਨ ਲਈ ਫੰਡ ਦੇਣ ਤੇ ਕਲੀਨਿਕਲ ਟ੍ਰਾਇਲਜ਼ ਲਈ ਵਰਤੀ ਜਾਵੇਗੀ। ਇਸ ਦੇ ਨਾਲ ਹੀ ਦੋ ਸਾਲਾਂ ਵਿੱਚ 600 ਮਿਲੀਅਨ ਡਾਲਰ, ਫੈਡਰਲ ਇਨੋਵੇਸ਼ਨ ਫੰਡ ਦੇਸ਼ ਦੇ ਬਾਇਓਮੈਨੂਫੈਕਚਰਿੰਗ ਸੈਕਟਰ ਲਈ ਰੱਖੇ ਜਾਣਗੇ।

ਇਸ ਤੋਂ ਇਲਾਵਾ ਵਾਇਰਸ ਦੇ ਵੱਖ ਵੱਖ ਸਟਰੇਨਜ਼ ਨੂੰ ਟਰੈਕ ਕਰਨ ਤੇ ਇਨ੍ਹਾਂ ਦੀ ਪਛਾਣ ਲਈ ਵੀ ਥੋੜ੍ਹਾ ਥੋੜ੍ਹਾ ਕਰਕੇ ਰਕਮ ਦਿੱਤੀ ਜਾਵੇਗੀ। ਇਹ ਵੀ ਵੇਖਿਆ ਜਾਵੇਗਾ ਕਿ ਵੱਖ ਵੱਖ ਮਰੀਜ਼ਾਂ ਉੱਤੇ ਇਸ ਦੇ ਸਿਹਤ ਸਬੰਧੀ ਕਿਹੋ ਜਿਹੇ ਪ੍ਰਭਾਵ ਪੈਂਦਾ ਹੈ। ਟਰੂਡੋ ਨੇ ਇਹ ਵੀ ਆਖਿਆ ਕਿ ਸਰਕਾਰ ਪਬਲਿਕ ਹੈਲਥ ਮਾਹਿਰਾਂ ਦੀ ਇੱਕ ਟਾਸਕ ਫੋਰਸ ਤਿਆਰ ਕਰੇਗੀ ਜਿਸ ਵਿੱਚ ਕੈਨੇਡਾ ਦੀ ਚੀਫ ਪਬਲਿਕ ਹੈਲਥ ਆਫੀਸਰ ਡਾ. ਥੈਰੇਸਾ ਟੈਮ, ਹੈਲਥ ਤੇ ਸਾਇੰਸ ਦੇ ਮੁੱਦਿਆਂ ਉੱਤੇ ਲਿਬਰਲ ਤੇ ਕੰਜ਼ਰਵੇਟਿਵ ਸਰਕਾਰਾਂ ਨੂੰ ਸਲਾਹ ਦੇਣ ਵਾਲੇ ਡਾ. ਡੇਵਿਡ ਨੇਲਰ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਇਹ ਟਾਸਕ ਫੋਰਸ ਦੇਸ਼ ਭਰ ਵਿੱਚ ਲੋਕਾਂ ਦੀ ਇਮਿਊਨਿਟੀ ਤੇ ਕਮਜ਼ੋਰੀਆਂ ਦਾ ਪਤਾ ਲਾਉਣ ਲਈ ਬਲੱਡ ਟੈਸਟ ਸਬੰਧੀ ਸਰਵੇਖਣ ਦੀ ਨਿਗਰਾਨੀ ਕਰੇਗੀ।

## ਅੰਦਰ ਪੜ੍ਹੋ

ਵਰਲਡ ਫਾਈਨੈਂਸ਼ਲ ਗਰੁੱਪ ਕੈਨੇਡਾ ਨੇ 280000 ਡਾਲਰ ਦਾ ਦਾਨ ਵੱਖੋ ਵੱਖਰੇ ਹਸਪਤਾਲਾਂ ਨੂੰ ਦਿੱਤਾ — ਪੰਨਾ 03
ਕੋਰੋਨਾ ਵਾਇਰਸ ਨਾਲ ਪੰਜਾਬ ਵਿੱਚ 17ਵੀਂ ਮੌਤ, ਕੁੱਲ ਕੇਸਾਂ ਦੀ ਗਿਣਤੀ 286 ਤੱਕ ਪਹੁੰਚੀ — ਪੰਨਾ 04






# ਕੈਨੇਡੀਅਨ ਕੰਪਨੀ ਨੇ ਤਿਆਰ ਕੀਤੀ ਕੋਵਿਡ-19 ਸਬੰਧੀ ਵੈਕਸੀਨ, ਇਨਸਾਨੀ ਟਰਾਇਲ ਦੀ ਤਿਆਰੀ



ਓਟਵਾ, 23 ਅਪਰੈਲ (ਪੋਸਟ ਬਿਊਰੋ) : ਭਾਵੇਂ ਕੈਨੇਡਾ ਨੋਵਲ ਕਰੋਨਾਵਾਇਰਸ ਮਹਾਮਾਰੀ ਉੱਤੇ ਕਾਬੂ ਪਾਉਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਹ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਜਦੋਂ ਤੱਕ ਇਸ ਸਬੰਧ ਵਿੱਚ ਵੈਕਸੀਨ ਤਿਆਰ ਨਹੀਂ ਕਰ ਲਈ ਜਾਂਦੀ ਉਦੋਂ ਤੱਕ ਆਮ ਵਰਗੇ ਹਾਲਾਤ ਪੈਦਾ ਨਹੀਂ ਕੀਤੇ ਜਾ ਸਕਦੇ।

...ਬਾਕੀ ਪੰਨਾ 6 'ਤੇ

# ਗੁਰਦੁਆਰਾ ਪੰਜਵੀ ਪਾਤਿਸ਼ਾਹੀ, ਬਹਿੜਵਾਲ, ਜ਼ਿਲਾ ਕਸੂਰ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਪੰਜਵੀ ਪਾਤਿਸ਼ਾਹੀ, ਬਹਿੜਵਾਲ, ਜ਼ਿਲਾ ਕਸੂਰ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

Best Insurance Rates
Auto ▪ Home ▪ Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
• Life Insurance • Critical illness Ins • Travel & Visitor Ins • RESP & TFSA & RRSP
• Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
❖ Immigration ❖ Real Estate / Commercial Law ❖ Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

You can Place Your Business Here (905)793-2202 To Reach Wider Audience

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780 905.796.0000
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

HELPING YOU PLAN TODAY...FOR TOMORROW
• Supervisa / Visitor Insurance • Life /Mortgage/Funeral Insurance • Disability Insurance • Critical Illness Insurance • RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease - Business Purchase & Sale - Notarizations & Affidavits - Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

•Super Visa Insurance •Visitor Visa Insurance •Travel Insurance •Student Insurance •New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

A1 RENOVATIONS
Commercial & Residential Renovations
**Professional ,Reliable & Experienced**
Services: • Painting • Drywalls • Plumbing • Electrical • Flooring
• Complete Basement Renovation • Kitchen & Washrooms • Concrete Services (Driveways & Sidewalks)
Note: Complete basement (passed by city) Certified GasTechnician
5-10 % DISCOUNT
Call Bobby Mann today !! 647-407-9595 a1floor_2000@hotmail.com
*Some condition apply

DHINDSA LAW
Barrister, Solicitor & Notary Public
www.dhindsalaw.ca
- Criminal and Family Law - Immigration - Real Estate - Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-J1, Brampton L6R 3N9 (Torbram & Sandalwood)
Call: 437 998 1429
330 Highway 7 E, Suite 309, Richmond Hill- L4B 3P8

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


KELLEY LAW OFFICE
Immigration | Real Estate | Family Law | Business Closing | Corporate | Wills & Estate | Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control : •Mouse & Rats •Cockroaches •Spiders & Fleas •Carpenter Ants •Bedbugs •Silver Fish •Wasps •Racoons
Call : PARESH PATEL (Government Approved Licensed Technician)
416 938 4598

MANN LAW FIRM
• Real Estate Law • Wills & Estates • Power of Attorney • Affidavits Notarization / Declaration • Business Law • Family Law • Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Legal Basement • Completly Furnished • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885





## ਸਿਟੀ ਆਫ ਬ੍ਰੈਂਪਟਨ ਨੇ COVID19 ਨੂੰ ਫੈਲਣ ਤੋਂ ਰੋਕਣ ਲਈ ਸਰੀਰਕ ਦੂਰੀ ਲਾਗੂ ਕਰਨ ਲਈ ਸਿਟੀ ਬਾਇ-ਲਾਅ ਪਾਸ ਕੀਤਾ:

**ਪਾਬੰਦੀ**
ਲੋਕਾਂ ਨੂੰ ਜਨਤਕ ਪ੍ਰਾਪਰਟੀ ਤੇ 2.0 ਮੀਟਰ ਤੋਂ ਘੱਟ ਦੂਰੀ ਕਾਇਮ ਰੱਖਣ ਤੇ ਮਨਾਹੀ ਹੈ

**ਪਾਬੰਦੀ**
ਕਾਰੋਬਾਰੀਆਂ ਨੂੰ 2.0 ਮੀਟਰ ਤੋਂ ਘੱਟ ਦੂਰੀ ਤੇ ਬੈਠਣ ਜਾਂ ਖੜ੍ਹੇ ਹੋਣ ਦੀ ਇਜਾਜ਼ਤ ਦੇਣ ਤੇ ਮਨਾਹੀ ਹੈ


**ਪਾਬੰਦੀ**
ਲੋਕਾਂ ਨੂੰ, ਪਾਰਕਾਂ, ਡੌਗ ਪਾਰਕਾਂ, ਪਿਕਨਿਕ ਸ਼ੈਲਟਰਾਂ, ਸਪੋਰਟ ਫੀਲਡਸ, ਫੈਸੀਲਿਟੀਜ਼, ਰੇਕ੍ਰੀਏਸ਼ਨ ਸੈਂਟਰਾਂ ਅਤੇ ਪਾਰਕਿੰਗ ਲੌਟਸ ਸਮੇਤ ਸਿਟੀ ਦੀ ਪ੍ਰਾਪਰਟੀ ਵਰਤਣ ਤੇ ਮਨਾਹੀ ਹੈ

ਜੁਰਮਾਨੇ: ਬ੍ਰੈਂਪਟਨ COVID-19 ਐਮਰਜੈਂਸੀ ਮੇਜਰਸ ਬਾਇ-ਲਾਅ ਅਤੇ ਪ੍ਰੋਵਿੰਸ਼ੀਅਲ ਐਮਰਜੈਂਸੀ ਮੈਨੇਜਮੈਂਟ ਐਂਡ ਸਿਵਿਲ ਪ੍ਰੋਟੈਕਸ਼ਨ ਐਕਟ ਦੇ ਮੁਤਾਬਕ ਜਾਰੀ ਕੀਤੇ ਆਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਆਮ ਲੋਕਾਂ ਲਈ **$100,000** ਤੱਕ, ਕਿਸੇ ਕਾਰਪੋਰੇਸ਼ਨ ਦੇ ਕਾਰਪੋਰੇਟ ਡਾਇਰੈਕਟਰਾਂ ਜਾਂ ਅਫ਼ਸਰਾਂ ਲਈ, **$500,000** ਤੱਕ, ਕਿਸੇ ਕਾਰਪੋਰੇਸ਼ਨ ਲਈ **$10,000,000** ਤੱਕ।

BRAMPTON








ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।




ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।




8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।



AMAN TRAVEL

ਅਮਨ ਟਰੈਵਲ

Gaurav Gupta

905.796.3535

SPECIAL FARES TO DELHI & AMRITSAR | LAST MINUTE DEALS AVAILABLE

ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ



TICO # 50022741

or Visit us at:
218 Kingknoll Dr., Brampton, ON L6Y 4X4





## ਵਰਲਡ ਫਾਈਨੈਂਸ਼ਲ ਗਰੁੱਪ ਕੈਨੇਡਾ ਨੇ 280000 ਡਾਲਰ ਦਾ ਦਾਨ ਵੱਖੋ ਵੱਖਰੇ ਹਸਪਤਾਲਾਂ ਨੂੰ ਦਿੱਤਾ

ਕੰਪਨੀ ਦੇ ਐਗਜ਼ੈਕਟਿਵ ਚੈਅਰਮੈਨ ਰਾਜਾ ਧਾਲੀਵਾਲ ਨੇ ਇਸ ਦਾਨ ਦੀ ਕੀਤੀ ਘੋਸ਼ਣਾ

### ਕੈਨੇਡੀਅਨ ਹੈਲਥ ਕੇਅਰ ਵਰਕਰਾਂ ਦੇ ਮੋਢੇ ਨਾਲ ਮੋਢਾ ਲਾਉਂਦਿਆਂ ਵੱਡਾ ਕਾਰਨਾਮਾ ਕਰ ਦਿਖਾਇਆ

ਵਰਲਡ ਫਾਈਨੈਂਸ਼ਲ ਗਰੁੱਪ ਕੈਨੇਡਾ ਨੇ ਇਸ ਮਹਾਂਮਾਰੀ ਦੇ ਦਿਨਾਂ ਵਿਚ ਕੈਨੇਡੀਅਨ ਹੈਲਥ ਕੇਅਰ ਵਰਕਰਾਂ ਦੇ ਮੋਢੇ ਨਾਲ ਮੋਢਾ ਲਾਉਂਦਿਆਂ ਅੱਜ ਇੱਕ ਵੱਡਾ ਕਾਰਨਾਮਾ ਕਰ ਦਿਖਾਇਆ ਹੈ। ਇਸ ਕੰਪਨੀ ਦੇ ਸਾਰੇ ਐਸੋਸੀਏਟਸ ਨੇ ਮਿਲ ਕੇ $280000 ਦਾ ਦਾਨ ਵੱਖੋ ਵੱਖਰੇ ਹਸਪਤਾਲਾਂ ਨੂੰ ਦਿੱਤਾ ਹੈ ਜਿਸ ਅਨੁਸਾਰ $100,000 ਬਰੈਂਪਟਨ ਹਸਪਤਾਲ ਨੂੰ ,$55,000 ਸਰੀ ਮੈਮੋਰੀਅਲ ਹਸਪਤਾਲ ਨੂੰ ,$50,000 ਐਲਬਰਟਾ ਕਮਿਊਨਿਟੀ ਫਾਊਂਡੇਸ਼ਨ ਨੂੰ , $25,000 ਯੂਨੀਵਰਸਿਟੀ ਹਸਪਤਾਲ ਮੌਂਟਰੀਅਲ ਨੂੰ , $25,000 ਜਨਰਲ ਹਸਪਤਾਲ ਮੌਂਟਰੀਅਲ ਨੂੰ , $25000 ਮੀਲਜ਼ ਓਨ ਵ੍ਹੀਲਸ ਨੂੰ। ਅੱਜ ਕੱਲ ਜਦੋਂ ਜ਼ਿਆਦਾ ਤਰ ਲੋਕ ਗੁਜ਼ਾਰੇ ਲਈ ਗੌਰਮਿੰਟ ਤੋਂ ਮਦਦ ਲਈ ਆਸਾਂ ਲਾ ਰਹੇ ਹਨ ਉਸ ਟਾਈਮ ਵਿਚ ਇਨਾਂ ਵੱਡਾ ਦਾਨ ਮਾਇਨੇ ਰੱਖਦਾ ਹੈ ਆਓ ਸਾਰੇ ਮਿਲ ਕੇ ਇਸ ਔਖੀ ਘੜੀ ਵਿੱਚ ਉਸ ਸੱਚੇ ਰੱਬ ਅੱਗੇ ਅਰਦਾਸ ਕਰੀਏ ਅਤੇ ਲੋੜਵੰਦਾਂ ਦੀ ਮਦਦ ਕਰੀਏ। ਅੱਜ ਜ਼ੂਮ ਵੈਬੀਨਾਰ ਤੇ 3600 ਤੋਂ ਵੱਧ ਐਸੋਸੀਏਟਸ ਅਤੇ ਕਈ ਮਹੱਤਵਪੂਰਨ ਸ਼ਖਸ਼ੀਅਤਾਂ ਜਿਵੇਂ ਪ੍ਰੀਮੀਅਰ ਡੱਗ ਫੋਰਡ ਉਨਟਾਰੀਓ, ਸੁੱਖ ਧਾਲੀਵਾਲ ਐਮ. ਪੀ. ਬੀ. ਸੀ. , ਰਾਜਨ ਸਾਹਨੀ ਐਮ. ਪੀ. ਪੀ. ਐਲਬਰਟਾ , ਲੀਲਾ ਅਹੀਰ ਐਮ. ਪੀ. ਪੀ. ਐਲਬਰਟਾ, ਮੇਅਰ ਪੈਟਰਿਕ ਬਰਾਊਨ ਬਰੈਂਪਟਨ ਅਤੇ ਹਸਪਤਾਲਾਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿਚ ਕੰਪਨੀ ਦੇ ਐਗਜ਼ੈਕਟਿਵ ਚੈਅਰਮੈਨ ਰਾਜਾ ਧਾਲੀਵਾਲ ਨੇ ਇਸ ਦਾਨ ਦੀ ਘੋਸ਼ਣਾ ਕੀਤੀ। ਉਹਨਾਂ ਕਿਹਾ ਕੇ ਇਸ ਸਾਲ ਅਸੀਂ ਕਰੋਨਾ ਦੀ ਮਹਾਂਮਾਰੀ ਕਰਕੇ ਖਾਲਸੇ ਦਾ ਸਾਜਨਾ ਦਿਵਸ ਤਾਂ ਨਹੀਂ ਮਨਾ ਸਕੇ ਸੋ ਇਹ ਸਾਡੇ ਵਲੋਂ ਕੈਨੇਡੀਅਨਜ਼ ਦੇ ਲਈ ਆਪਣਾ ਫਰਜ਼ ਹੈ ਜਿਹੜਾ ਅਸੀਂ ਨਿਭਾਅ ਰਹੇ ਹਾਂ।

# ਮਨੀ ਲਾਂਡਰਿੰਗ ਕੇਸ ਵਿੱਚ ਝਾਰਖੰਡ ਦੇ ਸਾਬਕਾ ਮੰਤਰੀ ਨੂੰ 7 ਸਾਲ ਕੈਦ, 2 ਕਰੋੜ ਜੁਰਮਾਨਾ

ਰਾਂਚੀ, 23 ਅਪਰੈਲ, (ਪੋਸਟ ਬਿਊਰੋ)- ਝਾਰਖੰਡ ਦੇ ਸਾਬਕਾ ਮੰਤਰੀ ਐਨੋਸ ਏਕਾ ਗ਼ੈਰ ਕਾਨੂੰਨੀ ਜਾਇਦਾਦ ਰੱਖਣ ਦੇ ਦੋਸ਼ ਹੇਠ ਪਹਿਲਾਂ ਸੱਤ ਸਾਲ ਸਜ਼ਾ ਕੱਟ ਰਹੇ ਹਨ। ਅੱਜ ਵੀਰਵਾਰ ਈ ਡੀ ਦੀ ਵਿਸ਼ੇਸ਼ ਅਦਾਲਤ ਦੇ ਜੱਜ ਏ ਕੇ ਮਿਸ਼ਰਾ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਸਾਬਕਾ ਮੰਤਰੀ ਐਨੋਸ ਏਕਾ ਨੂੰ 7 ਸਾਲ ਤੇ 2 ਕਰੋੜ ਰੁਪਏ ਜੁਰਮਾਨਾ ਕੀਤਾ ਹੈ। ਇਸ ਦੇ ਨਾਲ ਅਦਾਲਤ ਨੇ ਏਕਾ ਦੀ ਕਾਲੇ ਧਨ ਨੂੰ ਚਿੱਟਾ ਕਰਨ ਦੇ ਇਰਾਦੇ ਨਾਲ ਗੈਰ ਕਾਨੂੰਨੀ ਢੰਗ ਨਾਲ ਹਾਸਲ ਕੀਤੀ ਜਾਂ ਖਰੀਦੀ ਗਈ ਕੋਈ ਵੀ ਜਾਇਦਾਦ ਜ਼ਬਤ ਕਰਨ ਦਾ ਵੀ ਹੁਕਮ ਦਿੱਤਾ ਹੈ।

ਵਰਨਣ ਯੋਗ ਹੈ ਕਿ ਸਾਬਕਾ ਮੰਤਰੀ ਐਨੋਸ ਏਕਾ ਨੂੰ ਪਹਿਲਾਂ ਫਰਵਰੀ ਮਹੀਨੇ ਵਿੱਚ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਆਮਦਨ ਤੋਂ ਵਧੇਰੇ ਜਾਇਦਾਦ ਦੇ ਕੇਸ ਵਿੱਚ ਸੱਤ ਸਾਲ ਸਜ਼ਾ ਸੁਣਾਈ ਤੇ 50 ਲੱਖ ਰੁਪਏ ਜੁਰਮਾਨਾ ਕੀਤਾ ਸੀ। ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਸਾਬਕਾ ਮੰਤਰੀ ਦੇ ਨਾਲ ਉਸ ਦੀ ਪਤਨੀ ਮੈਨਨ ਏਕਾ ਤੇ ਪਰਿਵਾਰ ਦੇ ਪੰਜ ਹੋਰ ਮੈਂਬਰਾਂ ਨੂੰ ਵੀ 7-7 ਸਾਲ ਦੀ ਸਜ਼ਾ ਤੇ 50 ਲੱਖ ਰੁਪਏ ਜੁਰਮਾਨਾ ਕੀਤਾ ਸੀ। ਏਕਾ ਤੇ ਉਸ ਦੇ ਪਰਿਵਾਰਕ ਮੈਂਬਰਾਂ ਉੱਤੇ ਗਲਤ ਢੰਗ ਨਾਲ 16.82 ਕਰੋੜ ਰੁਪਏ ਦੀ ਜਾਇਦਾਦ ਬਣਾਉਣ ਦਾ ਦੋਸ਼ ਲੱਗਾ ਸੀ। ਐਨੋਸ ਏਕਾ ਵਿੱਰੁਧ ਮਨੀ ਲਾਂਡਰਿੰਗ ਦਾ ਇਹ ਕੇਸ ਅਕਤੂਬਰ 2009 ਵਿੱਚ ਦਰਜ ਹੋਇਆ ਸੀ ਤੇ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਅਦਾਲਤ ਨੇ ਇਸ ਕੇਸ ਦੀ ਸੁਣਵਾਈ ਦੌਰਾਨ 56 ਗਵਾਹਾਂ ਦੇ ਬਿਆਨ ਦਰਜ ਕੀਤੇ ਸਨ।


SherGill Law Firm

Barrister, Solicitor & Notary Public

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6



Emergency Contact:
416.910.5676
www.shergilllawfirm.ca

ASIAN FOOD CENTRE



FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

VEGETARIAN FOOD
HEALTHY EATING

SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109



## ਅ ਅੱਜ ਨਾਮਾ

ਰੌਲਾ ਕੇਰਲ ਮਹਾਰਾਸ਼ਟਰ ਦਾ ਬੜਾ ਪਹਿਲਾਂ,
ਲਿਆ ਫਿਰ ਕੇਰਲ ਸੀ ਸਾਂਭ ਸੰਭਾਲ ਮੀਆਂ।
ਤਾਮਿਲ ਨਾਡੂ ਦੀ ਪਿੱਛੋਂ ਸੀ ਛਿੜੀ ਚਰਚਾ,
ਦਿੱਤੇ ਉਹਨੇ ਵੀ ਸੰਕਟ ਇਹ ਟਾਲ ਮੀਆਂ।
ਮਗਰੋਂ ਦਿੱਲੀ ਕੋਰੋਨਾ ਬਈ ਆਣ ਵੜਿਆ,
ਹੋਇਆ ਸ਼ਹਿਰ ਦਾ ਮੰਦਾ ਸੀ ਹਾਲ ਮੀਆਂ।
ਟੱਪ ਗਿਆ ਦਿੱਲੀ ਤੋਂ ਮੱਧ ਪ੍ਰਦੇਸ਼ ਮੁੜ ਕੇ,
ਲੱਗ ਗਈ ਲਾਸ਼ਾਂ ਦੀ ਜਾਪਦੀ ਪਾਲ ਮੀਆਂ।
ਪਿਆ ਕਹਿਰ ਫਿਰ ਆਣ ਗੁਜਰਾਤ ਅੰਦਰ,
ਛਿੜ ਗਈ ਕੇਸਾਂ ਦੀ ਜਾਪਦੀ ਲੜੀ ਮੀਆਂ।
ਕੋਈ ਨਹੀਂ ਜਾਣਦਾ, ਕਿੱਥੇ ਕੀ ਹੋਣ ਵਾਲਾ,
ਪੈ ਗਈ ਔਕੜ ਇਨਸਾਨ'ਤੇ ਬੜੀ ਮੀਆਂ।

**ਤੀਸ ਮਾਰ ਖਾਂ**

# ਕੋਰੋਨਾ ਵਾਇਰਸ ਨਾਲ ਪੰਜਾਬ ਵਿੱਚ 17ਵੀਂ ਮੌਤ, ਕੁੱਲ ਕੇਸਾਂ ਦੀ ਗਿਣਤੀ 286 ਤੱਕ ਪਹੁੰਚੀ

ਚੰਡੀਗੜ੍ਹ, 23 ਅਪਰੈਲ, (ਪੋਸਟ ਬਿਊਰੋ)- ਸੰਸਾਰ ਭਰ ਵਿੱਚ ਤਬਾਹੀ ਮਚਾ ਰਹੇ ਕੋਰੋਨਾ ਵਾਇਰਸ ਦਾ ਕਹਿਰ ਭਾਰਤ ਵਿੱਚ ਪੈ ਰਿਹਾ ਹੈ ਤੇ ਪੰਜਾਬ ਵੀ ਇਸ ਨਾਲ ਬੁਰੀ ਤਰ੍ਹਾਂ ਪ੍ਰਭਾਵਤ ਹੈ। ਇਸ ਰਾਜ ਵਿੱਚ ਕੋਰੋਨਾ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਦਿਨੋ-ਦਿਨ ਵਧੀ ਜਾਂਦੀ ਹੈ, ਪਰ ਨਵਾਂਸ਼ਹਿਰ ਅਤੇ ਮੋਗਾ ਜ਼ਿਲੇ ਕੇਸ ਪਤਾ ਲੱਗਣ ਦੇ ਬਾਅਦ ਮੁਕਤ ਵੀ ਹੋ ਚੁੱਕੇ ਹਨ। ਮੋਹਾਲੀ ਤੇ ਜਲੰਧਰ ਜ਼ਿਲਿਆਂ ਵਿੱਚ ਕੋਰੋਨਾ ਦਾ ਵੱਧ ਪ੍ਰਭਾਵ ਦਿੱਸਦਾ ਹੈ। ਇਨ੍ਹਾਂ ਦੋਵਾਂ ਵਿੱਚ ਅੱਜ ਤੱਕ ਕੋਰੋਨਾ ਦੇ 62-62 ਕੇਸਾਂ ਦੀ ਪੁਸ਼ਟੀ ਅਤੇ 2-2 ਮੌਤਾਂ ਹੋ ਚੁੱਕੀਆਂ ਹੋਣ ਕਾਰਨ ਲੋਕ ਚਿੰਤਾ ਵਿੱਚ ਹਨ।

ਪੰਜਾਬ ਵਿਚ ਕੋਰੋਨਾ ਦੇ ਵਾਇਰਸ ਨਾਲ ਅੱਜ ਵੀਰਵਾਰ 17ਵੀਂ ਮੌਤ ਹੋਈ ਹੈ। ਕਪੂਰਥਲਾ ਜ਼ਿਲੇ ਦੇ ਫਗਵਾੜਾ ਦੀ ਛੇ ਮਹੀਨੇ ਦੀ ਰਿਤਿਕਾ ਕੋਰੋਨਾ ਦੀ ਅੱਜ ਦੋਪਹਿਰ ਬਾਅਦ ਪੀ ਜੀ ਆਈ ਚੰਡੀਗੜ੍ਹ ਵਿੱਚ ਮੌਤ ਹੋ ਗਈ। ਪੀ ਜੀ ਆਈ ਦੇ ਐਡਵਾਂਸ ਪੀਡੀਐਟ੍ਰਿਕ ਸੈਂਟਰ (ਏ ਪੀ ਸੀ) ਵਿਚ ਉਸ ਨੂੰ ਦਿਲ ਦੇ ਛੇਕ ਦੀ ਸਰਜਰੀ ਲਈ ਦਾਖ਼ਲ ਕੀਤਾ ਸੀ, ਜਿੱਥੇ ਉਸ ਨੂੰ ਕੋਰੋਨਾ ਇਨਫੈਕਸ਼ਨ ਹੋਈ ਦੱਸੀ ਗਈ ਸੀ। ਬੁੱਧਵਾਰ ਨੂੰ ਉਸ ਦੀ ਰਿਪੋਰਟ ਪਾਜ਼ਿਟਿਵ ਆਉਣ ਪਿੱਛੋਂ ਉਸ ਨੂੰ ਆਈ ਸੀ ਯੂ ਵਿਚ ਵੈਂਟੀਲੇਟਰ ਉੱਤੇ ਰੱਖਿਆ ਸੀ। ਪੀ ਜੀ ਆਈ ਮੁਤਾਬਕ ਕੋਰੋਨਾ ਦੀ ਇਨਫੈਕਸ਼ਨ ਅਤੇ ਪਾਲੀਊਮਨਰੀ ਆਰਟਰੀ



ਹਾਈਪਰਟੈਂਸ਼ਨ ਦੇ ਸ਼ਾਕ ਨਾਲ ਬੱਚੀ ਦੀ ਮੌਤ ਹੋਈ ਹੈ। ਏਥੇ ਆਉਣ ਤੋਂ ਪਹਿਲਾਂ ਉਹ ਲੁਧਿਆਣਾ ਦੇ ਇਕ ਪ੍ਰਾਈਵੇਟ ਹਸਪਤਲ ਵਿਚ 36 ਦਿਨ ਦਾਖ਼ਲ ਰਹੀ ਤੇ ਗੰਭੀਰ ਹਾਲਤ ਵਿੱਚ ਨੌਂ ਅਪ੍ਰੈਲ ਨੂੰ ਪੀ ਜੀ ਆਈ ਲਿਆਂਦਾ ਗਿਆ ਸੀ, ਜਿੱਥੇ ਓਪਨ ਹਾਰਟ ਸਰਜਰੀ ਤੋਂ ਪਹਿਲਾਂ ਉਹ ਕੋਰੋਨਾ ਵਾਇਰਸ ਦੇ ਕਾਰਨ ਇਨਫੈਕਟਿਡ ਹੋ ਗਈ ਸੀ।

ਇਸ ਦੌਰਾਨ ਜਲੰਧਰ ਵਿਚ ਸੱਤ ਹੋਰ ਪਾਜ਼ਿਟਿਵ ਕੇਸ ਪਤਾ ਲੱਗਣ ਨਾਲ ਜ਼ਿਲ੍ਹੇ ਵਿਚ ਮਰੀਜ਼ਾਂ ਦੀ ਗਿਣਤੀ 62 ਹੋ ਗਈ ਹੈ। ਸੱਤਾਂ ਵਿੱਚੋਂ ਚਾਰ ਉਸੇ ਮੀਡੀਆ ਅਦਾਰੇ ਨਾਲ ਜੁੜੇ ਹਨ, ਜਿੱਥੇ ਪਹਿਲਾਂ 11 ਲੋਕ ਪਾਜ਼ਿਟਿਵ ਹਨ। ਬਾਕੀ ਵਿੱਚੋਂ ਦੋ ਜਣੇ ਪੱਕਾ ਬਾਗ਼, ਇਕ ਮਹਿਲਾ ਬਸਤੀ ਸ਼ੇਖ ਤੇ ਇਕ ਮਕਸੂਦਾਂ ਦੇ ਜਵਾਲਾ ਨਗਰ ਦੀ ਵਸਨੀਕ ਬਜ਼ੁਰਗ ਹੈ। ਮੋਹਾਲੀ ਜ਼ਿਲ੍ਹੇ ਵਿਚ ਅੱਜ ਵੀਰਵਾਰ ਦੋ ਦਿਨ ਬਾਅਦ ਇਕ ਹੋਰ ਕੇਸ ਮਿਲਿਆ ਹੈ। ਨਯਾ ਗਾਂਉਂ ਦਾ ਰਹਿਣ ਵਾਲਾ ਇੱਕ 30 ਸਾਲਾ ਨੌਜਵਾਨ ਇਨਫੈਕਟਿਡ ਪਤਾ ਲੱਗਾ ਹੈ, ਜਿਹੜਾ ਪੀ ਜੀ ਆਈ ਦੇ ਪਾਜ਼ਿਟਿਵ ਮੁਲਾਜ਼ਮ ਦੇ ਸੰਪਰਕ ਵਿਚ ਸੀ।

ਪੰਜਾਬ ਵਿੱਚ ਅੱਜ ਤੱਕ ਕੋਰੋਨਾ ਨਾਲ 17 ਮੌਤਾਂ ਹੋਈਆਂ ਹਨ। ਮਿਲੀ ਸੂਚਨਾ ਮੁਤਾਬਕ ਮੋਹਾਲੀ ਜ਼ਿਲੇ ਤੋਂ ਕੋਰੋਨਾ ਦੇ 63 ਕੇਸ 2 ਮੌਤਾਂ, ਜਲੰਧਰ ਤੋਂ 62 ਕੇਸ 2 ਮੌਤਾਂ, ਪਠਾਨਕੋਟ ਤੋਂ 24 ਕੇਸ 1 ਮੌਤ, ਨਵਾਂਸ਼ਹਿਰ ਵਿੱਚ 19 ਕੇਸ 1 ਮੌਤ, ਲੁਧਿਆਣਾ ਤੋਂ 16 ਕੇਸ 4 ਮੌਤਾਂ, ਅੰਮ੍ਰਿਤਸਰ ਤੋਂ 13 ਕੇਸ 2 ਮੌਤਾਂ, ਮਾਨਸਾ ਵਿੱਚ 11 ਕੇਸ, ਪਟਿਆਲਾ ਵਿੱਚ 49 ਕੇਸ, ਹੁਸ਼ਿਆਰਪੁਰ ਤੋਂ 7 ਕੇਸ 1 ਮੌਤ, ਮੋਗਾ ਤੋਂ 4 ਕੇਸ ਤੇ ਰੋਪੜ ਤੋਂ 3 ਕੇਸ 1 ਮੌਤ, ਫਰੀਦਕੋਟ ਤੇ ਸੰਗਰੂਰ ਦੇ 3-3 ਕੇਸ, ਬਰਨਾਲਾ ਦੇ 2 ਕੇਸ 1 ਮੌਤ, ਕਪੂਰਥਲਾ ਤੋਂ 3 ਕੇਸ 1 ਮੌਤ, ਫਤਿਹਗੜ੍ਹ ਸਾਹਿਬ 2 ਕੇਸ, ਮੁਕਤਸਰ ਸਾਹਿਬ ਤੇ ਫਿਰੋਜ਼ਪੁਰ ਵਿੱਚ 1-1 ਕੇਸ ਅਤੇ ਗੁਰਦਾਸਪੁਰ ਵਿੱਚ 2 ਕੇਸ 1 ਮੌਤ ਹੋਣ ਦੀ ਖਬਰ ਹੈ।

## ਮਹਾਰਾਸ਼ਟਰ ਵਿੱਚ ਇੱਕੋ ਦਿਨ 778 ਨਵੇਂ ਕੇਸ, ਮੌਤਾਂ ਦੀ ਗਿਣਤੀ 269 ਹੋਈ

* ਗੁਜਰਾਤ ਵਿੱਚ ਵੀ ਮੌਤਾਂ ਦੀ ਗਿਣਤੀ ਵਧਣ ਲੱਗੀ

ਨਵੀਂ ਦਿੱਲੀ, 23 ਅਪਰੈਲ, (ਪੋਸਟ ਬਿਊਰੋ)- ਭਾਰਤ ਸਰਕਾਰ ਦਾ ਪਿਛਲੇ 30 ਦਿਨਾਂ ਦਾ ਲਾਕਡਾਊਨ ਕੋਰੋਨਾ ਨੂੰ ਫੈਲਣ ਤੋਂ ਰੋਕਣ ਵਿਚ ਸਫਲ ਰਿਹਾ ਹੈ। ਇਸ ਦੌਰਾਨ ਟੈਸਟਿੰਗ ਵਿਚ 24 ਗੁਣਾ ਵਾਧੇ ਦੇ ਬਾਵਜੂਦ ਕੋਰੋਨਾ ਦੇ ਕੇਸਾਂ ਵਿਚ 16 ਗੁਣਾਂ ਵਾਧਾ ਦੇਖਣ ਨੂੰ ਮਿਲਿਆ, ਪਰ 78 ਜ਼ਿਲ੍ਹੇ ਅਜਿਹੇ ਵੀ ਪਤਾ ਲੱਗੇ ਹਨ, ਜਿੱਥੇ 14 ਦਿਨਾਂ ਤੋਂ ਇਕ ਵੀ ਕੋਰੋਨਾ ਦਾ ਮਰੀਜ਼ ਨਹੀਂ ਆਇਆ ਤੇ 12 ਜ਼ਿਲਿਆਂ ਵਿੱਚ 28 ਦਿਨਾਂ ਤੋਂ ਕੋਈ ਕੇਸ ਨਹੀਂ ਆਇਆ। ਫਿਰ ਵੀ ਮਹਾਰਾਸ਼ਟਰ, ਮੱਧ ਪ੍ਰਦੇਸ਼ ਅਤੇ ਗੁਜਰਾਤ ਆਦਿ ਰਾਜਾਂ ਵਿੱਚ ਸਥਿਤੀ ਹਾਲੇ ਕਾਬੂ ਵਿੱਚ ਨਹੀਂ ਆ ਰਹੀ।

ਸਿਹਤ ਮੰਤਰਾਲੇ ਦੀ ਰਿਪੋਰਟ ਅਨੁਸਾਰ ਭਾਰਤ ਵਿਚ ਕੋਰੋਨਾ ਵਾਇਰਸ ਦੇ ਅੱਜ ਤਕ 21,711 ਕੇਸ ਪਤਾ ਲੱਗੇ ਹਨ, ਜਿਨ੍ਹਾਂ ਵਿੱਚੋਂ 712 ਲੋਕਾਂ ਦੀ ਮੌਤ ਹੋ ਚੁੱਕੀ ਹੈ। ਕੋਰੋਨਾ ਦੀ ਮਾਰ ਦੇ ਪੱਖ ਤੋਂ ਵੀਰਵਾਰ ਦਾ ਦਿਨ ਮਹਾਰਾਸ਼ਟਰ ਲਈ ਸਭ ਤੋਂ ਵੱਧ ਭਿਆਨਕ ਰਿਹਾ, ਜਦੋਂ ਇੱਕੋ ਦਿਨ 778 ਨਵੇਂ ਕੇਸਾਂ ਨਾਲ ਪੀੜਤਾਂ ਦੀ ਗਿਣਤੀ 6,427 ਹੋ ਗਈ ਤੇ ਮੌਤਾਂ ਦੀ ਗਿਣਤੀ 283 ਉੱਤੇ ਪੁੱਜ ਗਈ ਹੈ। ਗੁਜਰਾਤ ਦੇ ਹਾਲਾਤ ਵੀ ਗੰਭੀਰ ਹੁੰਦੇ ਜਾਂਦੇ ਹਨ। ਇਸ ਰਾਜ ਵਿੱਚ ਮਰੀਜ਼ਾਂ ਦੀ ਗਿਣਤੀ 2,624 ਹੋ ਗਈ ਹੈ, ਜਿਨ੍ਹਾਂ ਵਿੱਚੋਂ 112 ਲੋਕਾਂ ਦੀ ਮੌਤ ਹੋ ਚੁੱਕੀ ਹੈ। ਦਿੱਲੀ ਵਿੱਚ 2,248 ਮਰੀਜ਼ ਤੇ 50 ਮੌਤਾਂ ਹੋਣ ਦੀ ਖਬਰ ਹੈ। ਰਾਜਸਥਾਨ ਵਿੱਚ 1,937 ਮਰੀਜ਼ ਤੇ 27 ਮੌਤਾਂ ਹੋਈਆਂ ਹਨ। ਤਾਮਿਲ ਨਾਡੂ ਤੋਂ ਮਰੀਜ਼ਾਂ ਦੀ ਗਿਣਤੀ 1,683 ਅਤੇ ਮੌਤਾਂ ਦੀ ਗਿਣਤੀ 18 ਦੱਸੀ ਗਈ ਹੈ। ਮੱਧ ਪ੍ਰਦੇਸ਼ ਵਿੱਚ 1592 ਕੇਸ ਅਤੇ 81 ਮੌਤਾਂ ਹੋਣ ਦਾ ਪਤਾ ਲੱਗਾ ਹੈ। ਉੱਤਰ ਪ੍ਰਦੇਸ਼ ਵਿੱਚ 1449 ਕੇਸ ਅਤੇ 21 ਮੌਤਾਂ, ਤੇਲੰਗਾਨਾ ਵਿੱਚ 1629 ਕੇਸ ਅਤੇ 24 ਮੌਤਾਂ ਅਤੇ ਆਂਧਰਾ ਪ੍ਰਦੇਸ਼ ਵਿੱਚ 813 ਕੇਸ ਅਤੇ 27 ਮੌਤਾਂ ਹੋਣ ਦੀ ਜਾਣਕਾਰੀ ਮਿਲੀ ਹੈ।

ਭਾਰਤ ਦੇ ਸਿਹਤ ਮੰਤਰਾਲੇ ਦੇ ਜਾਇੰਟ ਸੈਕਟਰੀ ਲਵ ਅਗਰਵਾਲ ਮੁਤਾਬਕ ਨੇ ਦੱਸਿਆ ਕਿ ਬੀਤੇ ਦੋ ਦਿਨਾਂ ਵਿਚ ਦੇਸ਼ ਦੇ ਉਨ੍ਹਾ ਜ਼ਿਲ੍ਹਿਆਂ ਦੀ ਗਿਣਤੀ 55 ਤੋਂ ਵਧ ਕੇ 78 ਹੋ ਗਈ ਹੈ, ਜਿੱਥੇ 14 ਦਿਨਾਂ ਤੋਂ ਕੋਰੋਨਾ ਦਾ ਕੋਈ ਕੇਸ ਨਹੀਂ ਮਿਲਿਆ। ਏਦਾਂ ਹੀਂ 28 ਦਿਨ ਤੋਂ ਇਕ ਵੀ ਨਵਾਂ ਮਰੀਜ਼ ਨਾ ਲੱਭਣ ਵਾਲੇ ਜ਼ਿਲ੍ਹਿਆਂ ਦੀ ਗਿਣਤੀ ਤਿੰਨ ਗੁਣਾ ਵਧ ਕੇ 12 ਹੋ ਗਈ ਹੈ। ਇਨ੍ਹਾਂ ਵਿੱਚ ਪੰਜਾਬ ਦਾ ਨਵਾਂ ਸ਼ਹਿਰ ਜ਼ਿਲਾ ਵੀ ਹੈ। ਪੰਜਾਬ ਦੇ ਨੌਂ ਜ਼ਿਲ੍ਹੇ ਕੋਰੋਨਾ ਮੁਕਤ ਐਲਾਨੇ ਗਏ ਹਨ।

# ਆਰਜ਼ੀ ਤੌਰ ਉੱਤੇ 1200 ਕਰਮਚਾਰੀਆਂ ਦੀ ਛਾਂਗੀ ਕਰੇਗੀ ਟੀਟੀਸੀ

ਓਨਟਾਰੀਓ, 23 ਅਪਰੈਲ (ਪੋਸਟ ਬਿਊਰੋ) : ਟੀਟੀਸੀ ਵੱਲੋਂ ਵੀਰਵਾਰ ਨੂੰ ਐਲਾਨ ਕੀਤਾ ਗਿਆ ਕਿ ਕਰੋਨਾਵ-ਾਇਰਸ ਮਹਾਮਾਰੀ ਕਾਰਨ ਉਨ੍ਹਾਂ ਵੱਲੋਂ ਕਈ ਮਾਪਦੰਡ ਅਪਣਾਏ ਜਾ ਰਹੇ ਹਨ ਤੇ ਇਸੇ ਤਹਿਤ ਆਰਜ਼ੀ ਤੌਰ ਉੱਤੇ 1200 ਕਰਮਚਾਰੀਆਂ ਦੀ ਛਾਂਗੀ ਵੀ ਕੀਤੀ ਜਾ ਰਹੀ ਹੈ।

ਇਸ ਦੌਰਾਨ 1000 ਟਰਾਂਜਿਟ ਆਪਰੇਟਰਜ਼ ਤੇ 200 ਨੌਨ ਯੂਨੀਅਨ ਸਟਾਫ ਮੈਂਬਰਾਂ ਦੀ ਛਾਂਗੀ ਕੀਤੀ ਜਾਵੇਗੀ। ਟੀਟੀਸੀ ਦੇ ਬੁਲਾਰੇ ਸਟੂਅਰਟ ਗ੍ਰੀਨ ਨੇ ਆਖਿਆ ਕਿ ਪ੍ਰਭਾਵਿਤ ਹੋਣ ਵਾਲੇ ਸਾਰੇ ਕਰਮਚਾਰੀਆਂ ਨੂੰ ਸਾਲ ਦੇ ਅੰਤ ਤੱਕ ਬੈਨੇਫਿਟਸ ਮਿਲਦੇ ਰਹਿਣ-ਗੇ। ਟੀਟੀਸੀ ਦੇ ਸੀਈਓ ਰਿਕ ਲੇਅਰੀ




ਨੇ ਦੱਸਿਆ ਕਿ ਕੋਵਿਡ-19 ਮਹਾਮਾਰੀ ਕਾਰਨ ਲੋਕਾਂ ਵੱਲੋਂ ਬਹੁਤਾ ਸਫਰ ਨਹੀਂ ਕੀਤਾ ਜਾ ਰਿਹਾ ਤੇ ਸਫਰ ਦੇ ਪੱਧਰ ਵਿੱਚ 85 ਫੀ ਸਦੀ ਕਮੀ ਦਰਜ ਕੀਤੀ ਗਈ ਹੈ। ਕੋਵਿਡ-19 ਮਹਾਮਾਰੀ ਦੌਰਾਨ ਪੈ ਰਹੇ ਵਿੱਤੀ ਪ੍ਰਭਾਵ ਨੂੰ ਅੱਖੋਂ ਪਰੋਖੇ ਕੀਤਾ ਜਾਣਾ ਬੇਹੱਦ ਮੁਸ਼ਕਲ ਹੈ। ਉਨ੍ਹਾਂ ਆਖਿਆ ਕਿ ਸਾਡੀ ਆਮਦਨ ਦਾ ਦੋ ਤਿਹਾਈ ਹਿੱਸਾ ਕਿਰਾਏ ਭਾੜੇ ਤੋਂ ਹੀ ਆਉਂਦਾ ਹੈ ਤੇ ਸਫਰ ਦੇ ਪੱਧਰ ਵਿੱਚ 85 ਫੀ ਸਦੀ ਗਿਰਾਵਟ ਨਾਲ ਆਰਗੇਨਾਈਜ਼ੇਸ਼ਨ ਨੂੰ ਆਪਰੇਟ ਕਰਨ ਦੀ ਲਾਗਤ ਚੁੱਕਣਾ ਬਹੁਤ ਮੁਸ਼ਕਲ ਹੋਇਆ ਪਿਆ ਹੈ। ਇਸੇ ਲਈ ਇਸ ਦੇ ਹੋਰ ਖਰਚੇ ਵੀ ਘਟਾਏ ਜਾ ਰਹੇ ਹਨ।

# ਕੋਵਿਡ-19 ਦੇ ਖਤਰੇ ਦੇ ਬਾਵਜੂਦ ਲਾਕਡਾਊਨ ਖੋਲ੍ਹਣ ਦੀ ਤਿਆਰੀ ਕਰ ਰਹੇ ਹਨ ਟਰੰਪ

ਵਾਸ਼ਿੰਗਟਨ, 23 ਅਪਰੈਲ (ਪੋਸਟ ਬਿਊਰੋ) : ਕਈ ਹਫਤਿਆਂ ਤੱਕ ਟਰੰਪ ਪ੍ਰਸ਼ਾਸਨ ਕਰੋਨਾਵਾਇਰਸ ਦੇ ਖਤਰਿਆਂ ਬਾਰੇ ਦੱਸਕੇ ਅਮਰੀਕੀਆਂ ਨੂੰ ਘਰਾਂ ਵਿੱਚ ਬੰਦ ਰਹਿਣ ਲਈ ਤਾੜਦਾ ਰਿਹਾ ਹੈ। ਪਰ ਹੁਣ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਦੇਸ਼ ਨੂੰ ਮੁੜ ਖੋਲ੍ਹੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਟਰੰਪ ਨੂੰ ਇੱਕ ਨਵੀਂ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ-ਉਹ ਇਹ ਕਿ ਟਰੰਪ ਨੂੰ ਲੋਕਾਂ ਨੂੰ ਇਹ ਸਮਝਾਉਣਾ ਪੈ ਰਿਹਾ ਹੈ ਕਿ ਘਰਾਂ ਤੋਂ ਬਾਹਰ ਨਿਕਲਣਾ ਬਿਲਕੁਲ ਠੀਕ ਹੈ ਤੇ ਉਹ ਆਪਣੀ ਜ਼ਿੰਦਗੀ ਆਮ ਵਾਂਗ ਗੁਜ਼ਾਰ ਸਕਦੇ ਹਨ।

ਇਕਾਂਤਵਾਸ ਵਿੱਚ ਪਹੁੰਚ ਚੁੱਕੇ ਦੇਸ਼ ਲਈ ਤੇ ਟਰੰਪ, ਜਿਸ ਦੀ ਰਾਸ਼ਟਰਪਤੀ ਵਜੋਂ ਮੁੜ ਚੋਣ ਅਰਥਚਾਰੇ ਦੇ ਮੁੜ ਲੀਹ ਉੱਤੇ ਆਉਣ ਨਾਲ ਜੁੜੀ ਹੈ, ਲਈ ਇਹ ਸਵਾਲ ਕਾਫੀ ਮਾਇਨੇ ਰੱਖਦਾ ਹੈ। ਕੀ ਅਮਰੀਕਾ ਵਾਇਰਸ ਦੇ ਡਰ ਤੋਂ ਪਰੇ ਹੋ ਕੇ ਜੀਅ ਸਕੇਗਾ ਤੇ ਆਪਣੀ ਪਹਿਲਾਂ ਵਰਗੀ ਚਹਿਲ ਪਹਿਲ ਦਾ ਗਵਾਹ ਬਣ ਸਕੇਗਾ। ਵਾਈਟ ਹਾਊਸ ਦੇ ਸਲਾਹਕਾਰ ਤੇ ਕਾਊਂਸਲ



ਆਫ ਇਕਨਾਮਿਕ ਐਡਵਾਈਜ਼ਰਜ਼ ਦੇ ਸਾਬਕਾ ਚੇਅਰ ਕੈਵਿਨ ਹੈਸੇਟ ਨੇ ਆਖਿਆ ਕਿ ਅਸੀਂ ਅਮਰੀਕਾ ਵਿੱਚ ਮੁੜ ਅਜਿਹਾ ਵਿਸ਼ਵਾਸ ਜਗਾਉਣਾ ਚਾਹੁੰਦੇ ਹਾਂ ਜਿਸ ਨਾਲ ਹਰ ਕੋਈ ਕੰਮ ਉੱਤੇ ਜਾ ਸਕੇ। ਇਹ ਵਿਸ਼ਵਾਸ ਟੈਸਟਿੰਗ ਨਾਲ ਆਵੇਗਾ ਤੇ ਇਸ ਸੋਚ ਨਾਲ ਆਵੇਗਾ ਕਿ ਤੁਹਾਡੀ ਕੰਮ ਵਾਲੀ ਥਾਂ ਸਿਹਤਮੰਦ ਹੈ ਤੇ ਇਸ ਤੋਂ ਇਲਾਵਾ ਅਰਥਚਾਰੇ ਵਿੱਚ ਯਕੀਨ ਰੱਖਣ ਨਾਲ ਆਵੇਗਾ।

ਵਾਈਟ ਹਾਊਸ ਵਿਖੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਉਹ ਮਹਾਂਮਾਰੀ ਸਬੰਧੀ ਪ੍ਰਤੀਕਿਰਿਆ ਦੇ ਨਵੇਂ ਅਧਿਆਏ ਵਿੱਚ ਦਾਖਲ ਹੋ ਗਏ ਹਨ। ਹੁਣ ਉਹ ਸੰਕਟ ਦੀ ਘੜੀ ਤੋਂ ਟੱਪ ਕੇ ਲਗਾਤਾਰ ਘਾਟ ਤੇ ਮੈਨੇਜਮੈਂਟ ਵੱਲ ਵਧ ਰਹੇ ਹਨ। ਇਹ ਸੱਭ ਵੀਰਵਾਰ ਨੂੰ ਉਸ ਸਮੇਂ ਸ਼ੁਰੂ ਹੋਇਆ ਜਦੋਂ ਗਵਰਨਰਜ਼ ਨੂੰ ਇਹ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਕਿ ਆਪਣੀਆਂ ਸਟੇਟਸ ਨੂੰ ਕਿਸ ਤਰ੍ਹਾਂ ਸੁਰੱਖਿਅਤ ਢੰਗ ਨਾਲ ਖੋਲ੍ਹਿਆ ਜਾਵੇ। ਟਰੰਪ ਤੇ ਵਾਈਸ ਪ੍ਰੈਜ਼ੀਡੈਂਟ ਮਾਈਕ ਪੈਂਸ ਨੇ ਅਮਰੀਕੀਆਂ ਨੂੰ ਮਹਾਮਾਰੀ ਨੂੰ ਸਫਲਤਾਪੂਰਬਕ ਮਾਤ ਦੇਣ ਲਈ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ।

ਉਦੋਂ ਤੋਂ ਹੀ ਗਵਰਨਰਜ਼ ਆਪਣੀਆਂ ਸਟੇਟਸ ਵਿੱਚ ਪਾਬੰਦੀਆਂ ਹਟਾ ਰਹੇ ਹਨ। ਇੱਥੇ ਹੀ ਬੱਸ ਨਹੀਂ ਮੌਨਟੇਨਾ ਦੇ ਗਵਰਨਰ ਨੇ ਤਾਂ ਮਈ ਦੇ ਸ਼ੁਰੂ ਵਿੱਚ ਹੀ ਸਕੂਲ ਖੋਲ੍ਹਣ ਲਈ ਹਰੀ ਝੰਡੀ ਦੇ ਦਿੱਤੀ ਹੈ। ਓਕਲਾਹਾਮਾ ਵੱਲੋਂ ਵੀ ਸ਼ੁੱਕਰਵਾਰ ਤੋਂ ਸੈਲੂਨ, ਬਾਰਬਰਸ਼ਾਪਜ਼, ਸਪਾਅਜ਼ ਤੇ ਪੈੱਟ ਗਰੂਮਰਜ਼ ਦੀਆਂ ਦੁਕਾਨਾਂ ਮੁੜ ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਟਰੰਪ ਵੱਲੋਂ ਅਮਰੀਕੀਆਂ ਨਾਲ ਇਹ ਵਾਅਦਾ ਵੀ ਕੀਤਾ ਜਾ ਰਿਹਾ ਹੈ ਕਿ ਉਹ ਦੁਬਾਰਾ ਕੌਮੀ ਪੱਧਰ ਉੱਤੇ ਲਾਕਡਾਊਨ ਨਹੀਂ ਕਰਨਗੇ।

# ਆਪਣੇ ਅਰਜੈਂਟ ਕੇਅਰ ਸੈਂਟਰ ਨੂੰ ਆਰਜ਼ੀ ਤੌਰ ਉੱਤੇ ਬੰਦ ਕਰੇਗਾ ਓਸਲਰ

ਬਰੈਂਪਟਨ, 23 ਅਪਰੈਲ (ਪੋਸਟ ਬਿਊਰੋ) : ਵਿਲੀਅਮ ਓਸਲਰ ਹੈਲਥ ਸਿਸਟਮ ਵੱਲੋਂ ਆਰਜ਼ੀ ਤੌਰ ਉੱਤੇ ਪੀਲ ਮੈਮੋਰੀਅਲ ਸੈਂਟਰ ਫੌਰ ਇੰਟੇਗ੍ਰੇਟਿਡ ਹੈਲਥ ਐਂਡ ਵੈੱਲਨੈਸ ਵਿਖੇ ਸਥਿਤ ਅਰਜੈਂਟ ਕੇਅਰ ਸੈਂਟਰ (ਯੂਸੀਸੀ) ਨੂੰ ਆਰਜ਼ੀ ਤੌਰ ਉੱਤੇ ਬੰਦ ਕੀਤਾ ਜਾ ਰਿਹਾ ਹੈ। ਇਹ ਫੈਸਲਾ ਕੋਵਿਡ-19 ਦੌਰਾਨ ਕਮਿਊਨਿਟੀ ਦੇ ਹਾਈ ਰਿਸਕ ਤੇ ਕਮਜ਼ੋਰ ਮਰੀਜ਼ਾਂ ਉੱਤੇ ਸਹੀ ਢੰਗ ਨਾਲ ਧਿਆਨ ਕੇਂਦਰਿਤ ਕਰਨ ਲਈ ਕੀਤਾ ਗਿਆ ਹੈ।

ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪ੍ਰੈਜ਼ੀਡੈਂਟ ਤੇ ਸੀਈਓ ਡਾ. ਨਵੀਦ ਮੁਹੰਮਦ ਨੇ ਆਖਿਆ ਕਿ ਪਿਛਲੇ ਹਫਤਿਆਂ ਵਿੱਚ ਬਹੁਤ ਹੀ ਘੱਟ ਮਰੀਜ਼ ਯੂਸੀਸੀ ਆਏ ਤੇ ਇਸੇ ਲਈ ਅਸੀਂ ਆਪਣੇ ਮਾਹਿਰ ਡਾਕਟਰਾਂ ਤੇ ਨਰਸਾਂ ਨੂੰ ਹਸਪਤਾਲ ਦੀਆਂ ਉਨ੍ਹਾਂ ਥਾਂਵਾਂ ਉੱਤੇ ਲਾ ਰਹੇ ਹਾਂ ਜਿੱਥੇ ਇਸ ਸਮੇਂ ਉਨ੍ਹਾਂ ਦੀ ਸੱਭ




ਤੋਂ ਵੱਧ ਲੋੜ ਹੈ, ਜਿਵੇਂ ਕਿ ਸਾਡੇ ਐਮਰਜੰਸੀ ਡਿਪਾਰਟਮੈਂਟਸ ਤੇ ਕ੍ਰਿਟੀਕਲ ਕੇਅਰ ਏਰੀਆਜ਼।

ਜਿਨ੍ਹਾਂ ਮਰੀਜ਼ਾਂ ਨੂੰ ਅਰਜੈਂਟ ਕੇਅਰ ਸਰਵਿਸਿਜ਼ ਦੀ ਲੋੜ ਹੈ ਉਨ੍ਹਾਂ ਨੂੰ ਓਸਲਰ ਦੇ ਬਰੈਂਪਟਨ ਸਿਵਿਕ ਹਸਪਤਾਲ ਤੇ ਇਟੋਬੀਕੋ ਜਨਰਲ ਹਸਪਤਾਲ ਦੇ ਐਮਰਜੰਸੀ ਡਿਪਾਰਟਮੈਂਟਸ ਵਿੱਚ ਚੈੱਕ ਕਰਵ-ਾਇਆ ਜਾ ਸਕਦਾ ਹੈ ਕਿਉਂਕਿ ਅੱਜ ਕੱਲ੍ਹ ਇੱਥੇ ਵੀ ਕੋਵਿਡ-19 ਮਹਾਮਾਰੀ ਕਾਰਨ ਭੀੜ ਨਹੀਂ ਹੈ। ਯੂਸੀਸੀ ਨੂੰ ਆਰਜ਼ੀ ਤੌਰ ਉੱਤੇ ਬੰਦ ਕਰਨ ਦਾ ਫੈਸਲਾ 24 ਅਪਰੈਲ, ਦਿਨ ਸ਼ੁੱਕਰਵਾਰ ਤੋਂ ਲਾਗੂ ਹੋਵੇਗਾ।

ਉਨ੍ਹਾਂ ਆਖਿਆ ਕਿ ਓਸਲਰ ਐਮਰਜੰਸੀ ਸੇਵਾਵਾਂ ਦੀ ਮੰਗ ਉੱਤੇ ਵੀ ਨਿਗਰਾਨੀ ਰੱਖੇਗਾ, ਜੇ ਇਨ-ਪੇਸ਼ੈਂਟ ਤੇ ਐਮਰਜੰਸੀ ਡਿਪਾਰਟਮੈਂਟ ਦੇ ਮਰੀਜ਼ਾਂ ਦੀ ਗਿਣਤੀ ਵੱਧਦੀ ਹੈ ਤਾਂ ਇਸ ਯੂਸੀਸੀ ਨੂੰ ਖੋਲ੍ਹਿਆ ਵੀ ਜਾ ਸਕਦਾ ਹੈ।

## ਪੰਜਾਬ ਵਿਚ ਸ਼ਰਾਬ ਦੇ ਠੇਕੇ ਖੋਲ੍ਹਣ ਦੀ ਮੰਗ ਕੇਂਦਰ ਨੇ ਨਹੀਂ ਮੰਨੀ

ਚੰਡੀਗੜ੍ਹ, 23 ਅਪਰੈਲ, (ਪੋਸਟ ਬਿਊਰੋ)- ਪੰਜਾਬ ਸਰਕਾਰ ਦੀਆਂ ਸ਼ਰਾਬ ਦੀ ਵਿਕਰੀ ਤੋਂ ਪੈਸਾ ਇਕੱਠਾ ਕਰਨ ਦੀਆਂ ਆਸਾਂ ਉੱਤੇ ਕੇਂਦਰ ਸਰਕਾਰ ਨੇ ਮੰਗ ਮੰਨਣ ਤੋਂ ਇਨਕਾਰ ਕਰ ਕੇ ਪਾਣੀ ਫੇਰ ਦਿੱਤਾ ਹੈ।


ਇਸ ਸੰਬੰਧ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪੰਜਾਬ ਦੇ ਐਡੀਸ਼ਨਲ ਚੀਫ ਸੈਕਟਰੀ (ਹੋਮ) ਸਤੀਸ਼ ਚੰਦਰਾ ਨੂੰ ਸਪੱਸ਼ਟੀਕਰਨ ਦੇ ਦਿੱਤਾ ਗਿਆ ਹੈ। ਵਰਨਣ ਯੋਗ ਹੈ ਕਿ ਅਜੇ ਦੋ ਦਿਨ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੰਜਾਬ ਦੀ ਖਰਾਬ ਮਾਇਕ ਹਾਲਤ ਦੱਸ ਕੇ ਮੰਗ ਕੀਤੀ ਸੀ ਕਿ ਪੰਜਾਬ ਸਰਕਾਰ ਨੂੰ ਸ਼ਰਾਬ ਦੇ ਠੇਕੇ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ ਜਾਵੇ। ਉਨ੍ਹਾਂ ਕਿਹਾ ਸੀ ਕਿ ਪੰਜਾਬ ਨੂੰ ਅਪ੍ਰੈਲ ਵਿੱਚ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਤੋਂ 521 ਕਰੋੜ ਰੁਪਏ ਆਉਣ ਦੀ ਆਸ ਸੀ, ਜਿਹੜੇ ਕਰਫਿਊ ਤੇ ਲਾਕਡਾਊਨ ਵਿੱਚ ਨਹੀਂ ਖੁੱਲ੍ਹ ਸਕੇ ਅਤੇ ਇਸ ਆਮਦਨ ਤੋਂ ਸਰਕਾਰ ਵਾਂਝੀ ਰਹਿ ਗਈ ਹੈ।

ਕੇਂਦਰ ਸਰਕਾਰ ਦੇ ਇਸ ਫੈਸਲੇ ਉੱਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਖਤ ਪ੍ਰਤੀਕਰਮ ਦਿੱਤਾ ਅਤੇ ਕਿਹਾ ਹੈ ਕਿ ਇਸ ਨਾਲ ਪੰਜਾਬ ਨੂੰ ਸਿੱਧਾ 6200 ਕਰੋੜ ਰੁਪਏ ਦਾ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਕੇਂਦਰ ਸਰਕਾਰ ਜੀ ਐੱਸ ਟੀ ਦੇ 4400 ਕਰੋੜ ਰੁਪਏ ਨਹੀਂ ਦੇ ਰਹੀ, 10 ਹਜ਼ਾਰ ਕਰੋੜ ਤੋਂ ਵੱਧ ਦੇ ਇਸ ਘਾਟੇ ਨੂੰ ਕਿੱਦਾਂ ਪੂਰਾ ਕੀਤਾ ਜਾ ਸਕੇਗਾ?









# ਵਿਦਿਆਰਥੀਆਂ ਲਈ ਟਰੂਡੋ ਨੇ 9 ਬਿਲੀਅਨ ਡਾਲਰ ਦੇ ਪੈਕੇਜ ਦਾ ਕੀਤਾ ਵਾਅਦਾ

ਓਟਵਾ, 23 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਉਨ੍ਹਾਂ ਵਿਦਿਆਰਥੀਆਂ ਲਈ ਨਵੇਂ ਐਮਰਜੰਸੀ ਬੈਨੇਫਿਟ ਦਾ ਵਾਅਦਾ ਕੀਤਾ ਜਾ ਰਿਹਾ ਹੈ ਜਿਨ੍ਹਾਂ ਦੀ ਸਿੱਖਿਆ ਤੇ ਰੋਜ਼ਗਾਰ ਦੀਆਂ ਸੰਭਾਵਨਾਵਾਂ ਵਿੱਚ ਕਰੋਨਾਵਾਇਰਸ ਕਾਰਨ ਵਿਘਨ ਪਿਆ।



ਟਰੂਡੋ ਨੇ ਆਖਿਆ ਕਿ ਪੋਸਟ ਸੈਕੰਡਰੀ ਵਿਦਿਆਰਥੀਆਂ ਨੂੰ 1250 ਡਾਲਰ ਮਹੀਨਾਵਾਰੀ ਪੇਅਮੈਂਟ ਦਿੱਤੀ ਜਾਇਆ ਕਰੇਗੀ। ਇਹ ਪ੍ਰੋਗਰਾਮ ਅਗਸਤ ਤੱਕ ਚਲਾਇਆ ਜਾਵੇਗਾ। ਇਹ ਸੱਭ ਅਜਿਹੇ ਵਿਦਿਆਰਥੀਆਂ ਦੇ ਕਰੋਨਾਵਾਇਰਸ ਕਾਰਨ ਖੁੱਸੇ ਕੰਮ ਤੇ ਕੰਮ ਵਾਲੇ ਘੰਟਿਆਂ ਵਿੱਚ ਹੋਈਆਂ ਕਟੌਤੀਆਂ ਦੀ ਕਮੀ-ਪੇਸ਼ੀ ਨੂੰ ਦੂਰ ਕਰਨ ਲਈ ਕੀਤਾ ਜਾਵੇਗਾ।

ਇਹ ਬੈਨੇਫਿਟ ਉਨ੍ਹਾਂ ਵਿਦਿਆਰਥੀਆਂ ਲਈ 1750 ਡਾਲਰ ਹੋ ਸਕਦੇ ਹਨ ਜਿਹੜੇ ਅੰਗਹੀਣ ਹਨ ਤੇ ਜਾਂ ਫਿਰ ਜਿਹੜੇ ਹੋਰਨਾਂ ਦੀ ਸਾਂਭ ਸੰਭਾਲ ਕਰਦੇ ਹਨ। ਟਰੂਡੋ ਨੇ ਇਹ ਵੀ ਆਖਿਆ ਕਿ ਆਪਣੀਆਂ ਕਮਿਊਨਿਟੀਜ਼ ਵਿੱਚ ਵਾਲੰਟੀਅਰ ਵਜੋਂ ਕੰਮ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇਣ ਲਈ ਵੀ ਜਲਦ ਹੀ 1000 ਡਾਲਰ ਤੋਂ 5000 ਡਾਲਰ ਦਰਮਿਆਨ ਮਹੀਨਾਵਾਰ ਅਦਾਇਗੀ ਕੀਤੀ ਜਾਵੇਗੀ। ਟਰੂਡੋ ਨੇ ਆਖਿਆ ਕਿ ਇਸ ਤਰ੍ਹਾਂ ਦੇ ਹੋਰ ਮਾਪਦੰਡ, ਜਿਵੇਂ ਕਿ ਐਜੂਕੇਸ਼ਨ ਗ੍ਰਾਂਟਸ ਵਿੱਚ ਕੀਤਾ ਗਿਆ ਵਾਧਾ ਤੇ ਸਰਕਾਰ ਵੱਲੋਂ ਸਮਰਥਨ ਪ੍ਰਾਪਤ ਜੌਬ ਪ੍ਰੋਗਰਾਮ ਆਦਿ ਮਿਲਾ ਕੇ 9 ਬਿਲੀਅਨ ਡਾਲਰ ਬਣੇਗਾ।

# 3000 ਕਰਮਚਾਰੀਆਂ ਦੀ ਛਾਂਗੀ ਕਰੇਗੀ ਵੈਸਟਜੈਟ

ਕੈਲਗਰੀ, 23 ਅਪਰੈਲ (ਪੋਸਟ ਬਿਊਰੋ) : ਕੈਲਗਰੀ ਸਥਿਤ ਵੈਸਟਜੈਟ ਦਾ ਕਹਿਣਾ ਹੈ ਕਿ ਉਹ ਆਪਣੇ 3000 ਹੋਰ ਵਰਕਰਜ਼ ਦੀ ਮਈ ਦੇ ਸ਼ੁਰੂ ਵਿੱਚ ਛਾਂਗੀ ਕਰਨ ਜਾ ਰਹੀ ਹੈ। ਏਅਰਲਾਈਨ ਵੱਲੋਂ ਕੋਵਿਡ-19 ਮਹਾਮਾਰੀ ਕਾਰਨ ਉਡਾਨਾਂ ਦੀ ਘਟੀ ਮੰਗ ਕਾਰਨ ਅਜਿਹਾ ਕੀਤਾ ਜਾ ਰਿਹਾ ਹੈ।



ਕੰਪਨੀ ਦੇ ਪ੍ਰੈਜ਼ੀਡੈਂਟ ਤੇ ਸੀਈਓ ਐਡ ਸਿਮਜ਼ ਨੇ ਆਖਿਆ ਕਿ ਇਸ ਸਮੇਂ ਪੰਜ ਫੀ ਸਦੀ ਤੋਂ ਵੀ ਘੱਟ ਯਾਤਰੀ ਹੋਣ ਕਾਰਨ ਏਅਰਲਾਈਨ ਨੂੰ ਇਹ ਫੈਸਲਾ ਲੈਣਾ ਪੈ ਰਿਹਾ ਹੈ। ਉਨ੍ਹਾਂ ਆਖਿਆ ਕਿ ਭਾਵੇਂ ਇਹ ਫੈਸਲਾ ਔਖਾ ਹੀ ਹੈ ਪਰ ਇਸ ਨੂੰ ਪੂਰਾ ਸੋਚ ਸਮਝ ਕੇ ਲਿਆ ਜਾ ਰਿਹਾ ਹੈ ਤਾਂ ਕਿ ਅਸੀਂ ਇਸ ਸੰਕਟ ਦੀ ਘੜੀ ਵਿੱਚੋਂ ਸੌਖੇ ਢੰਗ ਨਾਲ ਨਿਕਲ ਸਕੀਏ ਤੇ ਭਵਿੱਖ ਲਈ ਤਿਆਰੀ ਕਰ ਸਕੀਏ।

ਸਿਮਜ਼ ਨੇ ਅੱਗੇ ਆਖਿਆ ਕਿ ਵੈਸਟਜੈਟ ਫੈਡਰਲ ਸਰਕਾਰ ਦੇ ਵੇਜ ਸਬਸਿਡੀ ਪ੍ਰੋਗਰਾਮ ਦੀ ਵਰਤੋਂ ਕਰਕੇ ਆਪਣੇ ਵਰਕਰਜ਼ ਨੂੰ ਤਨਖਾਹਾਂ ਦੇ ਕੇ ਨਾਲ ਜੋੜੀ ਰੱਖੇਗੀ। ਇਸ ਮਹੀਨੇ ਦੇ ਸ਼ੁਰੂ ਵਿੱਚ ਏਅਰਲਾਈਨ ਨੇ ਫੈਡਰਲ ਸਰਕਾਰ ਦੇ ਵੇਜ ਸਬਸਿਡੀ ਪ੍ਰੋਗਰਾਮ ਦੀ ਮਦਦ ਨਾਲ 6400 ਕਾਮਿਆਂ ਨੂੰ ਮੁੜ ਹਾਇਰ ਕੀਤਾ ਸੀ। ਉਨ੍ਹਾਂ ਆਖਿਆ ਕਿ ਅਸੀਂ ਆਪਣੇ ਕਰਮਚਾਰੀਆਂ ਤੇ ਲੇਬਰ ਗਰੁੱਪਜ਼ ਨਾਲ ਕੰਮ ਕਰਨਾ ਜਾਰੀ ਰੱਖਾਂਗੇ ਤਾਂ ਕਿ ਇਸ ਸੰਕਟ ਦੀ ਘੜੀ ਵਿੱਚ ਰੋਜ਼ਗਾਰ ਨੂੰ ਬਚਾਉਣ ਦਾ ਉਪਰਾਲਾ ਕਰ ਸਕੀਏ।

ਇਸ ਦੌਰਾਨ ਕਿਊਪ 4070, ਜੋ ਕਿ ਵੈਸਟ ਜੈਟ ਤੇ ਸਵੂਪ ਦੇ ਕੈਬਿਨ ਕ੍ਰਿਊਜ਼ ਦੀ ਨੁਮਾਇੰਦਗੀ ਕਰਦਾ ਹੈ, ਦੇ ਪ੍ਰੈਜ਼ੀਡੈਂਟ ਕ੍ਰਿਸ ਰਾਏਨਬੁਸ਼ ਨੇ ਆਖਿਆ ਕਿ ਕੰਪਨੀ ਵੱਲੋਂ ਇਸ ਤਰ੍ਹਾਂ ਦੇ ਕਦਮ ਚੁੱਕੇ ਜਾਣ ਦਾ ਉਨ੍ਹਾਂ ਨੂੰ ਪੂਰਾ ਇਲਮ ਹੈ ਤੇ ਉਹ ਅਗਲੇ ਕਦਮ ਲਈ ਕੰਪਨੀ ਨਾਲ ਰਲ ਕੇ ਕੰਮ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਇਨਐਕਟਿਵ ਰਹਿੰਦਿਆਂ ਵੀ ਫਲਾਈਟ ਅਟੈਂਡੈਂਟਸ ਨੂੰ ਉਨ੍ਹਾਂ ਦੇ 75 ਫੀ ਸਦੀ ਭੱਤੇ ਮਿਲਦੇ ਰਹਿਣ-ਗੇ, ਜੋ ਕਿ ਕੰਪਨੀ ਰਾਹੀਂ ਆਖਿਰਕਾਰ ਫੈਡਰਲ ਸਰਕਾਰ ਵੱਲੋਂ ਅਦਾ ਕੀਤੇ ਜਾਣਗੇ। ਫਿਰ ਸਮਾਂ ਆਉਣ ਉੱਤੇ ਸੀਨੀਆਰਿਟੀ ਦੇ ਅਧਾਰ ਉੱਤੇ ਉਨ੍ਹਾਂ ਸਾਰਿਆਂ ਨੂੰ ਕੰਮ ਉੱਤੇ ਵਾਪਿਸ ਸੱਦ ਲਿਆ ਜਾਵੇਗਾ। ਇਸ ਤੋਂ ਇਲਾਵਾ ਵੈਸਟਜੈਟ ਵੱਲੋਂ 4 ਜੂਨ ਤੱਕ ਟਰਾਂਸਬਾਰਡਰ ਤੇ ਕੌਮਾਂਤਰੀ ਉਡਾਨਾਂ ਵੀ ਸਸਪੈਂਡ ਕਰ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਹੀ ਆਪਣੀਆਂ ਘਰੇਲੂ ਉਡਾਨਾਂ ਦੇ ਸ਼ਡਿਊਲ ਵਿੱਚ ਵੀ 5 ਮਈ ਤੋਂ 4 ਜੂਨ ਤੱਕ ਤਬਦੀਲੀਆਂ ਕੀਤੀਆਂ ਹਨ। ਇਸ ਦੌਰਾਨ ਕੰਪਨੀ ਨੇ ਕੈਨੇਡੀਅਨ ਸ਼ਹਿਰਾਂ ਦਰਮਿਆਨ ਹੀ ਕੁੱਝ ਰੂਟਾਂ ਉੱਤੇ 600 ਉਡਾਨਾਂ ਵਿੱਚ ਕਟੌਤੀ ਕੀਤੀ ਹੈ।

# ਨੋਵਾ ਸਕੋਸ਼ੀਆ ਵਿੱਚ ਹੋਏ ਕਤਲੇਆਮ ਬਾਰੇ ਐਮਰਜੰਸੀ ਐਲਰਟ ਜਾਰੀ ਨਾ ਕਰਨ ਤੋਂ ਹੈਰਾਨ ਹਨ ਲੋਕ

ਨੋਵਾ ਸਕੋਸ਼ੀਆ, 23 ਅਪਰੈਲ (ਪੋਸਟ ਬਿਊਰੋ) : ਆਰਸੀਐਮਪੀ ਅਧਿਕਾਰੀ ਦੀ ਵਰਦੀ ਪਾ ਕੇ ਪੁਲਿਸ ਦੀ ਗੱਡੀ ਦੀ ਰੈਪਲਿਕਾ ਵਿੱਚ ਹੈਲੀਫੈਕਸ ਵਿੱਚ 23 ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੀ ਘਟਨਾ ਤੋਂ ਸਾਰੇ ਕੈਨੇਡੀਅਨ ਪਰੇਸ਼ਾਨ ਹਨ। ਕਈ ਕੈਨੇਡੀਅਨ ਇਹ ਪੁੱਛ ਰਹੇ ਹਨ ਕਿ ਜਿਸ ਰਸਤੇ ਉੱਤੇ ਉਹ ਕਾਤਲ ਕਤਲੇਆਮ ਮਚਾਉਂਦਾ ਜਾ ਰਿਹਾ ਸੀ, ਉਸ ਰੂਟ ਉੱਤੇ ਮੌਜੂਦ ਨਾਗਰਿਕਾਂ ਨੂੰ ਅਗਾਊਂ ਚੇਤਾਵਨੀ ਕਿਉਂ ਨਹੀਂ ਦਿੱਤੀ ਗਈ। ਇੱਕ ਨਿਊਜ਼ ਰਲੀਜ਼ ਵਿੱਚ ਆਰਸੀਐਮਪੀ ਨੇ ਪੁਸ਼ਟੀ ਕੀਤੀ ਕਿ ਕਤਲੇਆਮ ਪੌਰਟਾਪਿਕ, ਨੋਵਾ ਸਕੋਸ਼ੀਆ ਤੋਂ ਸ਼ੁਰੂ ਹੋਇਆ। ਜਦੋਂ ਸ਼ਨਿੱਚਰਵਾਰ ਰਾਤ ਨੂੰ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਘਰ ਦੇ ਅੰਦਰ ਤੇ ਬਾਹਰ ਕਈ ਲੋਕ ਮਰੇ ਮਿਲੇ। ਕਾਤਲ ਨੇ ਰਾਤ ਭਰ ਵੈਂਟਵਰਥ, ਡੈਬਰਟ ਤੇ ਸੁਬੇਨਾਕਾਡੀ ਵਿੱਚ ਕਤਲੋਗਾਰਤ ਜਾਰੀ ਰੱਖੀ ਤੇ ਆਖਿਰਕਾਰ ਉਸ ਨੂੰ ਐਤਵਾਰ ਦੁਪਹਿਰੇ ਐਨਫੀਲਡ ਵਿੱਚ ਪੁਲਿਸ ਨੇ ਮਾਰ ਮੁਕ-ਾਇਆ।



ਜਦੋਂ ਇਹ ਸੱਭ ਖਤਮ ਹੋਇਆ ਤਾਂ ਜੁਰਮ ਦੇ 16 ਵੱਖ ਵੱਖ ਸੀਨ ਸਨ। ਉਸ ਦੌਰਾਨ ਆਰਸੀਐਮਪੀ ਵੱਲੋਂ ਟਵਿਟਰ ਅਪਡੇਟਸ ਮੁਹੱਈਆ ਕਰਵਾਏ ਗਏ। ਪਰ ਕਿਸੇ ਵੀ ਪਬਲਿਕ ਏਜੰਸੀ ਵੱਲੋਂ ਅਜਿਹਾ ਕੋਈ ਪਬਲਿਕ ਐਮਰਜੰਸੀ ਐਲਰਟ ਜਾਰੀ ਨਹੀਂ ਕੀਤਾ ਗਿਆ ਜਿਹੜਾ ਆਪਣੇ ਆਪ ਸਾਰੇ ਸਮਾਰਟ ਫੋਨਜ਼ ਤੇ ਟੈਲੀਵਿਜ਼ਨਜ਼ ਉੱਤੇ ਆ ਜਾਂਦਾ। ਹਾਲਾਂਕਿ ਪ੍ਰੋਵਿੰਸ਼ੀਅਲ ਐਲਰਟ ਸਿਸਟਮ ਨੂੰ ਕੋਵਿਡ-19 ਮਹਾਮਾਰੀ ਦੌਰਾਨ ਫਿਜ਼ੀਕਲ ਡਿਸਟੈਂਸਿੰਗ ਬਰਕਰਾਰ ਰੱਖਣ ਲਈ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਵਰਤਿਆ ਗਿਆ ਸੀ।


UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ
ਕਰਤਾਰ ਫਰਨੀਚਰ
132''
88''
8 Seated Sofa
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6



We Provide services:
- Corporation Registration
- Corporation Tax Returns
- Personal Tax Retruns
- Accounting • Book - Keeping
- H.S.T • WSIB • T4 • E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741



Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



# ਸੰਪਾਦਕੀ

# ਕੋਰੋਨਾ ਵਾਇਰਸ- ਦੇਸ਼ ਭਗਤੀ ਅਤੇ ਅਸੀਂ ਕੈਨੇਡੀਅਨ

'ਸੱਚੀ ਦੇਸ਼ ਭਗਤੀ ਉਹ ਹੁੰਦੀ ਹੈ ਜੋ ਤੁਸੀਂ ਆਪਣੇ ਦੇਸ਼ ਦੀਆਂ ਖਾਮੀਆਂ ਦੇ ਬਾਵਜੂਦ ਉਸਦੀ ਬਿਹਤਰੀ ਲਈ ਕੁੱਝ ਕਰਨ ਗੁਜ਼ਰਨ ਲਈ ਤਿਆਰ-ਬਰ-ਤਿਆਰ ਰਹਿੰਦੇ ਹੋ। ਦੇਸ਼ ਪਰੇਮ ਦਾ ਭਾਵ ਹੈ ਕਿ ਤੁਸੀਂ ਦੇਸ਼ ਲਈ ਕੁੱਝ ਚੰਗਾ ਕਰਨਾ ਚਾਹੁੰਦੇ ਹੋ। ਜੇ ਆਪਣੇ ਦੇਸ਼ ਨੂੰ ਇੱਕ ਪ੍ਰੋਜੈਕਟ ਵਾਗੂੰ ਖਿਆਲ ਕੀਤਾ ਜਾਵੇ ਤਾਂ ਸਾਨੂੰ ਉਸ ਪ੍ਰੋਜੈਕਟ ਦੇ ਆਗੂ ਬਣਨ ਲਈ ਹੰਭਲਾ ਮਾਰਨਾ ਚਾਹੀਦਾ ਹੈ। ਇਹ ਦੇਸ਼ ਭਗਤੀ ਦੀ ਭਾਵਨਾ ਹੀ ਹੈ ਜੋ ਸਾਇੰਸ, ਤਕਨਾਲੋਜੀ, ਅਤੇ ਸਮਾਜ ਸੇਵਾ ਵਰਗੇ ਉਹਨਾਂ ਕਾਰਜਾਂ ਨੂੰ ਪ੍ਰਫੱਲਿਤ ਕਰਦੀ ਹੈ ਜਿਹਨਾਂ ਸਹਾਰੇ ਮੁਲਕ ਮਜ਼ਬੂਤ ਬਣਦੇ ਹਨ'। ਇਹ ਭਾਵਨਾਵਾਂ 1 ਜੁਲਾਈ 2018 ਨੂੰ ਕੈਨੇਡਾ ਡੇਅ ਵਾਲੇ ਦਿਨ ਲਿਬਨਾਨ ਤੋਂ ਰਿਫਊਜੀ ਬਣ ਕੇ ਆਏ ਮਾਪਿਆਂ ਦੇ ਘਰ ਜਨਮੇ ਕਲੀਮ ਹਾਵਾ ਨੇ ਇੱਕ ਵਿਸ਼ੇਸ਼ ਆਰਟੀਕਲ ਲਿਖ ਕੇ ਪ੍ਰਗਟ ਕੀਤੀਆਂ ਸਨ। ਟੋਰਾਂਟੋ ਵਾਸੀ ਇਸਲਾਮ ਧਰਮ ਦਾ ਅਨੁਯਾਈ ਕਲੀਮ ਹਾਵਾ 2015 ਵਿੱਚ ਵਿਸ਼ਵ ਦੇ ਉਹਨਾਂ 89 ਸਕਾਲਰਾਂ ਵਿੱਚ ਸ਼ਾਮਲ ਸੀ ਜਿਹਨਾਂ ਨੂੰ ਆਕਸਫੋਰਡ ਵਿੱਚ Rhodes Scholarship ਪ੍ਰਾਪਤ ਕਰਨ ਦਾ ਮਾਣ ਹਾਸਲ ਹੋਇਆ ਸੀ।

ਕਲੀਮ ਹਾਵਾ ਦੇ ਸ਼ਬਦ ਅੱਜ ਵੀ ਉੱਨੀ ਹੀ ਮਹੱਤਤਾ ਰੱਖਦੇ ਹਨ ਜਿੰਨੀ 2018 ਵਿੱਚ। ਉਸ ਦਿਨ 24 ਸਾਲਾ ਕਲੀਮ ਹਾਵਾ 2015 ਵਿੱਚ ਕੈਨੇਡਾ ਦੀ ਪਾਰਲੀਮੈਂਟ ਉੱਤੇ ਅਤਿਵਾਦੀਆਂ ਵੱਲੋਂ ਕੀਤੇ ਹਮਲੇ ਤੋਂ ਬਾਅਦ ਆਪਣੇ ਮਨ ਦੀਆਂ ਭਾਵਨਾਵਾਂ ਪ੍ਰਗਟ ਕਰ ਰਿਹਾ ਸੀ। ਇਸ ਵੇਲੇ ਕੈਨੇਡਾ ਦਾ ਹਰ ਵਾਸੀ ਕੋਰੋਨਾ-ਵਾਇਰਸ ਨਾਲ ਜੰਗ ਲੜ ਰਿਹਾ ਹੈ। ਇਸ ਜੰਗ ਉੱਤੇ ਫਤਿਹ ਹਾਸਲ ਕਰਨ ਤੋਂ ਬਾਅਦ ਕੈਨੇਡੀਅਨ ਮੁਲਾਂਕਣ ਕਰਨ ਨੂੰ ਮਜ਼ਬੂਰ ਹੋਣਗੇ ਕਿ ਨਵੇਂ ਸਮਿਆਂ ਵਿੱਚ ਦੇਸ਼ ਭਗਤੀ ਭਾਵਨਾ ਦਾ ਚਿਹਰਾ ਮੁਹਰਾ ਕਿਹੋ ਜਿਹਾ ਹੋਣਾ ਚਾਹੀਦਾ ਹੈ। ਜੇ ਵਰਤਮਾਨ ਸਥਿਤੀ ਨੂੰ ਵੇਖਿਆ ਜਾਵੇ ਤਾਂ ਸਾਨੂੰ ਦੋ ਜਮਾਤਾਂ ਬਣ ਗਈਆਂ ਸਾਫ਼ ਨਜ਼ਰ ਆ ਰਹੀਆਂ ਹਨ, ਜਿਹਨਾਂ ਵਿੱਚੋਂ ਇੱਕ ਨੂੰ ਦੇਸ਼ ਭਗਤੀ ਦੀਆਂ ਮੁਹਰਲੀਆਂ ਕਤਾਰਾਂ ਵਿੱਚ ਸ਼ਾਮਲ ਕਰਨਾ ਹੋਵੇਗਾ।

ਇੱਕ ਜਮਾਤ ਹੈ ਡਾਕਟਰ, ਨਰਸ, ਫਰਮਾਸਿਸਟ, ਪਰਸਨਲ ਕੇਅਰ ਵਰਕਰ ਆਦਿ ਹੈਲਥ ਕੇਅਰ ਪ੍ਰੋਫੈਸ਼ਨਲਾਂ, ਪੁਲੀਸ ਕਰਮੀਆਂ, ਗਰੌਸਰੀ ਸਟੋਰਾਂ ਦੇ ਫਰੰਟ ਡੈਸਕ ਵਰਕਰਾਂ, ਟਰੱਕ ਡਰਾਈਵਰਾਂ, ਲੌਂਗ ਟਰਮ ਕੇਅਰ ਸੰਸਥਾਵਾਂ ਵਿੱਚ ਕੰਮ ਕਰਨ ਵਾਲੇ ਮੁਲਾਜ਼ਮਾਂ ਦੀ। ਇਸ ਸੂਚੀ ਵਿੱਚ ਹੋਰ ਕਿੰਨੇ ਹੀ ਵਰਕਰ ਸ਼ਾਮਲ ਹਨ ਜਿਹਨਾਂ ਦਾ ਇੱਥੇ ਯਥਾਸੰਭਵ ਜ਼ਿਕਰ ਸੰਭਵ ਨਹੀਂ। ਇਹ ਯੋਧੇ ਨਿੱਜੀ ਸੁਰੱਖਿਆ ਨੂੰ ਖਤਰੇ ਵਿੱਚ ਪਾ ਕੇ ਨਿੱਤ ਦਿਨ ਹਮਵਤਨ ਕੈਨੇਡੀਅਨਾਂ ਦੀ ਸਲਾਮਤੀ ਲਈ ਦੁਸ਼ਮਣ ਨਾਲ ਲੜਾਈ ਕਰਨ ਨਿਕਲਦੇ ਹਨ। ਇਹ ਬਹਾਦਰ ਲੋਕ ਆਪਣੇ ਪਰਿਵਾਰ ਸੱਜਣਾਂ ਮਿੱਤਰਾਂ ਨੂੰ ਛੱਡ ਕੇ ਖਤਰੇ ਦਾ ਰਾਹ ਫੜਦੇ ਹਨ, ਇਹ ਜਾਨਣ ਦੇ ਬਾਵਜੂਦ ਕਿ ਉਹ ਖੁਦ ਕੋਰੋਨਾਵਾਇਰਸ ਵਰਗੇ ਮਾਰੂ ਦੁਸ਼ਮਣ ਦਾ ਸ਼ਿਕਾਰ ਹੋ ਸਕਦੇ ਹਨ। ਦੂਜੇ ਪਾਸੇ ਉਹ ਲੋਕ ਵੀ ਹਨ ਜਿਹਨਾਂ ਦਾ ਫਰਜ ਬਣਦਾ ਸੀ ਕਿ ਉਹ ਆਪਣੇ ਹੁਨਰ ਜਾਂ ਤਕਨੀਕ ਨੂੰ ਦੇਸ਼ ਲੇਖੇ ਲਾਉਣ ਪਰ ਘਰਾਂ ਵਿੱਚ ਜਾ ਡੇਰੇ ਲਾ ਬੈਠੇ ਹਨ। ਮਿਸਾਲ ਵਜੋਂ ਵੱਡੀ ਗਿਣਤੀ ਵਿੱਚ ਫੈਮਲੀ ਡਾਕਟਰ ਆਪਣੇ ਦਫ਼ਤਰ ਬੰਦ ਚੁੱਕੇ ਹਨ। ਇਹ ਖ਼ਬਰਾਂ ਦੀ ਵੀ ਕਮੀ ਨਹੀਂ ਕਿ ਰੋਣਾ ਰੋਇਆ ਜਾ ਰਿਹਾ ਹੈ ਕਿ ਸਾਡੇ ਬਿਜਨਸ ਦਾ ਕੀ ਬਣੇਗਾ। ਸਹੀ ਕਿ ਉਹ ਸਰਕਾਰੀ ਨੇਮਾਂ ਮੁਤਾ-ਬਕ ਦਫ਼ਤਰ ਨਹੀਂ ਖੋਲ ਸਕਦੇ ਪਰ ਕਿਸੇ ਹਸਪਤਾਲ ਵਾਲੰਟੀਅਰ ਵਜੋਂ ਆਪਣੇ ਹਮ-ਪੇਸ਼ਾਵਰਾਂ ਨਾਲ ਹੱਥ ਵਟਾ ਸਕਦੇ ਹਨ। ਇਵੇਂ ਹੀ ਲੌਂਗ ਟਰਮ ਕੇਅਰ ਸੰਸਥਾਵਾਂ ਵਿੱਚੋਂ ਡਿਊਟੀਆਂ ਛੱਡੇ ਕੇ ਭੱਜਣ ਵਾਲੇ, ਘਰ ਬੈਠੇ ਅਯੋਗ ਹੋਣ ਦੇ ਬਾਵਜੂਦ ਸਰਕਾਰੀ ਲਾਭਾਂ ਨੂੰ ਬਟੋਰਨ ਵਾਲੇ ਅਨੇਕਾਂ ਲੋਕ ਹਨ।

ਕਿਊਬਿੱਕ ਅਤੇ ਉਂਟੇਰੀਓ ਦੀਆਂ ਪ੍ਰੋਵਿੰਸ਼ੀਅਲ ਸਰਕਾਰਾਂ ਦੇ ਬੇਨਤੀ ਉੱਤੇ ਫੈਡਰਲ ਸਰਕਾਰ ਨੇ ਫੌਜ ਨੂੰ ਬਜ਼ੁਰਗਾਂ ਦੀ ਸੇਵਾ ਸੰਭਾਲ ਲਈ ਲੌਂਗ ਟਰਮ ਕੇਅਰ ਸੰਸਥਾਵਾਂ ਵਿੱਚ ਭੇਜਣ ਦਾ ਫੈਸਲਾ ਕੀਤਾ ਹੈ। ਫੌਜੀਆਂ ਕੋਲ ਕੋਈ ਬਹਾਨਾ ਨਹੀਂ ਕਿ ਉਹ ਕੰਮ ਤੋਂ ਛੁੱਟੀ ਕਰਨ ਅਤੇ 2000 ਡਾਲਰ ਦਾ ਚੈੱਕ ਸਿੱਧਾ ਬੈਂਕ ਵਿੱਚ ਮੰਗਵਾ ਲੈਣ। ਜਿਸ ਵੇਲੇ ਇਹ ਫੌਜੀ ਅਫਗਾਨਸਤਾਨ, ਇਰਾਕ ਜਾਂ ਹੋਰ ਮੁਲਕਾਂ ਵਿੱਚ ਜੰਗ ਲੜਨ ਜਾਂਦੇ ਹਨ ਤਾਂ ਬਹੁਤੇ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਪਰਤਦੇ ਹਨ ਅਤੇ ਕਈ ਵਰਤਦੇ ਹੀ ਨਹੀਂ। ਪੰਜਾਬੀ ਪੋਸਟ ਵਿੱਚ ਇਹਨਾਂ ਜੁਝਾਰੂਆਂ ਦੀ ਅਤੀਅੰਤ ਗੰਭੀਰ ਮਨੋਦਸ਼ਾ ਹੋਣ ਦੇ ਬਾਵਜੂਦ ਸਰਕਾਰ ਵੱਲੋਂ ਸਹੂਲਤਾਂ ਤੋਂ ਸੱਖਣਾ ਰੱਖਣ ਬਾਰੇ ਕਈ ਆਰਟੀਕਲ ਲਿਖੇ ਹਨ। ਇਵੇਂ ਹੀ ਲੌਂਗ ਟਰਮ ਕੇਅਰ ਹੋਮਾਂ ਵਿੱਚ ਵਰਕਰਾਂ ਦੀ ਮਾੜੀ ਹਾਲਤ ਬਾਰੇ ਪੰਜਾਬੀ ਪੋਸਟ ਲਿਖਦਾ ਆਇਆ ਹੈ। ਜਦੋਂ ਦੇਸ਼ ਉੱਤੇ ਭੀੜ ਪੈਂਦੀ ਹੈ ਤਾਂ ਬਿਨਾ ਸ਼ੱਕ ਇਹੀ ਲੋਕ ਉਹਨਾਂ ਦੇ ਕੰਮ ਆਉਂਦੇ ਹਨ ਪਰ ਇੱਕ ਅਸੀਂ ਹਾਂ ਕਿ ਅਮਨ ਚੈਨ ਵੇਲੇ ਸਾਡੀ ਜਾਨ ਦੀ ਰਖਵਾਲੀ ਕਰਨ ਵਾਲਿਆਂ ਵੱਲ ਤਿਣਕਾ ਖਿਆਲ ਵੀ ਨਹੀਂ ਕਰਦੇ। ਨਾਸ਼ੁਕਰਗੁਜ਼ਾਰੀ ਅਤੇ ਦੇਸ਼ ਭਗਤੀ ਉਹ ਤਲਵਾਰਾਂ ਹਨ ਜੋ ਇੱਕ ਮਿਆਨ ਵਿੱਚ ਨਹੀਂ ਸਮਾ ਸਕਦੀਆਂ।

ਕੋਰੋਨਾਵਾਇਰਸ ਕੋਈ ਛੋਟਾ ਮੋਟਾ ਵਰਤਾਰਾ ਨਹੀਂ ਸਗੋਂ ਇੱਕ ਵੱਖਰੇ ਕਿਸਮ ਦੀ ਵਿਸ਼ਵ ਜੰਗ ਹੈ। ਇਸ ਵਿੱਚ ਉਹੀ ਦੇਸ਼ ਜਲਦੀ ਜੇਤੂ ਹੋ ਨਿਕਲਣਗੇ ਜਿਹੜੇ ਆਪਣੀਆਂ ਸਰਹੱਦਾਂ ਅੰਦਰਲੀਆਂ ਮਜ਼ਬੂਤੀਆਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਸਫ਼ਲ ਹੋਣਗੇ। ਜਿਹੜੀਆਂ ਮਲਟੀ-ਨੈਸ਼ਨਲ ਕੰਪਨੀਆਂ ਪਿਛਲੇ ਚਾਰ ਪੰਜ ਦਹਾਕਿਆਂ ਤੋਂ ਮੁਲਕਾਂ ਦੀ ਹੱਦਬੰਦੀ ਦੀ ਮਹੱਤਤਾ ਨੂੰ ਘੱਟ ਕਰਕੇ ਬਿਜਸਨ ਲਈ ਸਰੱਹਦਹੀਣ ਪਹੁੰਚ (Borderless approach) ਦੇ ਸ਼ਲੋਕ ਨਵੀਂ ਪੀੜੀ ਨੂੰ ਪੜਾਉਂਦੀਆਂ ਆਈਆਂ ਹਨ, ਕੋਰੋਨਾਵਾਇਰਸ ਦੇ ਇੱਕ ਜੀਵਾਣੂੰ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਡਾਲਰ-ਖੋਰ ਬਿਰਤੀ ਲੋਕਾਈ ਦੇ ਕੰਮ ਨਹੀਂ ਆਉਂਦੀ। ਜੇ ਕੰਮ ਆਉਂਦਾ ਹੈ ਤਾਂ ਸੇਵਾ ਦਾ ਜ਼ਜਬਾ ਜੋ ਦੇਸ਼ ਭਗਤੀ ਦਾ ਇੱਕ ਉੱਤਮ ਨਮੂਨਾ ਹੈ।

# ਸ਼ਾਹਬਾਦ ਦੇ ਨੌਜਵਾਨ ਦੀ ਕੈਨੇਡਾ ਵਿੱਚ ਸ਼ੱਕੀ ਹਾਲਾਤ ਵਿੱਚ ਹੋਈ ਮੌਤ



ਸ਼ਾਹਬਾਦ, 22 ਅਪਰੈਲ (ਪੋਸਟ ਬਿਊਰੋ) : ਬੀਤੇ ਦਿਨੀਂ ਸ਼ਾਹਬਾਦ ਦੇ 18 ਸਾਲਾ ਨੌਜਵਾਨ ਦੀ ਕੈਨੇਡਾ ਵਿੱਚ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ। ਨੌਜਵਾਨ ਦੀ ਪਛਾਣ ਨਵਜੋਤ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਕਿਸ਼ਨਗੜ੍ਹ ਰੋਡ ਪੂਜਾ ਕਲੋਨੀ ਸ਼ਾਹਬਾਦ ਵਜੋਂ ਹੋਈ ਹੈ।
ਪਿਤਾ ਕਸ਼ਮੀਰ ਸਿੰਘ ਨੇ ਦੱਸਿਆ ਕਿ ਨਵਜੋਤ ਕਨੇਡਾ ਵਿੱਚ 32 ਓਲੰਪੀਆ, ਕ੍ਰੈਸੈਂਟ ਬਰੈਂਪਟਨ, ਓਨਟਾਰੀਓ ਵਿੱਚ ਰਹਿੰਦਾ ਸੀ। ਉਹ ਰਾਤੀਂ ਚੰਗਾ ਭਲਾ ਸੁੱਤਾ ਸੀ ਪਰ ਸਵੇਰੇ ਉਸ ਦੀ ਲਾਸ਼ ਮਿਲੀ। ਉਨ੍ਹਾਂ ਦੱਸਿਆ ਕਿ ਇੱਕ ਦਿਨ ਪਹਿਲਾਂ ਹੀ ਉਨ੍ਹਾਂ ਦੀ ਗੱਲ ਨਵਜੋਤ ਨਾਲ ਹੋਈ ਸੀ ਤੇ ਉਹ ਚੰਗਾ ਭਲਾ ਸੀ। ਪਰ 20 ਅਪਰੈਲ ਨੂੰ ਤੜ੍ਹਕੇ ਉਨ੍ਹਾਂ ਕੋਲ ਅੰਬੈਸੀ ਤੋਂ ਫੋਨ ਆਇਆ ਤੇ ਉਨ੍ਹਾਂ ਨੂੰ ਨਵਜੋਤ ਦੀ ਮੌਤ ਦੀ ਖਬਰ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਨਵਜੋਤ 3 ਸਤੰਬਰ, 2019 ਨੂੰ ਕਨੇਡਾ ਗਿਆ ਸੀ। ਉਹ ਉੱਥੇ ਹੰਬਰ ਕਾਲਜ ਵਿੱਚ ਬੀ.ਕੌਮ ਫਾਇਨਾਂਸ ਦੀ ਪੜ੍ਹਾਈ ਕਰ ਰਿਹਾ ਸੀ। ਦੋ ਦਿਨ ਪਹਿਲਾਂ ਹੀ ਉਸ ਦੀ ਆਨਲਾਈਨ ਪਰੀਖਿਆ ਖਤਮ ਹੋਈ ਸੀ। ਨਵਜੋਤ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਦੇ ਸਾਰੇ ਪੇਪਰ ਚੰਗੇ ਹੋਏ ਤੇ ਉਹ ਕਾਫੀ ਖੁਸ਼ ਸੀ। ਕਸ਼ਮੀਰ ਸਿੰਘ ਨੇ ਦੱਸਿਆ ਕਿ ਨਵਜੋਤ ਨੇ ਸ਼ਾਹਬਾਦ ਦੇ ਵਿਸ਼ਵਾਸ ਸਕੂਲ ਤੋਂ ਬਾਰ੍ਹਵੀਂ ਤੱਕ ਦੀ ਪੜ੍ਹਾਈ ਪੂਰੀ ਕੀਤੀ ਸੀ ਤੇ ਫਿਰ ਆਈਲਸ ਕਰਕੇ ਕਨੇਡਾ ਗਿਆ ਸੀ।

ਉਨ੍ਹਾਂ ਆਖਿਆ ਕਿ ਜਦੋਂ ਤੋਂ ਕਰੋਨਾ ਮਹਾਮਾਰੀ ਸ਼ੁਰੂ ਹੋਈ ਹੈ ਉਦੋਂ ਤੋਂ ਹੀ ਨਵਜੋਤ ਨੂੰ ਉਨ੍ਹਾਂ ਘਰ ਵਿੱਚ ਹੀ ਰਹਿਣ ਲਈ ਆਖਿਆ ਸੀ ਤੇ ਉਹ ਕਿਤੇ ਬਾਹਰ ਵੀ ਨਹੀਂ ਸੀ ਨਿਕਲ ਰਿਹਾ। ਉਨ੍ਹਾਂ ਦੀ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਨਵਜੋਤ ਨਾਲ ਲੱਗਭਗ ਰੋਜ਼ ਹੀ ਲੰਮੀ ਗੱਲਬਾਤ ਹੁੰਦੀ ਰਹਿੰਦੀ ਸੀ। ਨਵਜੋਤ ਬਿਲਕੁਲ ਸਿਹਤਮੰਦ ਸੀ ਪਰ ਅਚਾਨਕ ਉਸ ਦੀ ਹੋਈ ਮੌਤ ਕਾਰਨ ਉਹ ਸਾਰੇ ਹੀ ਹੈਰਾਨ ਹਨ। ਉਨ੍ਹਾਂ ਆਖਿਆ ਕਿ ਜੇ ਉਨ੍ਹਾਂ ਨੂੰ ਪਤਾ ਹੁੰਦਾ ਕਿ ਕਨੇਡਾ ਜਾਣ ਤੋਂ ਬਾਅਦ ਉਨ੍ਹਾਂ ਦਾ ਲੜਕਾ ਕਦੇ ਜਿਊਂਦਾ ਵਾਪਿਸ ਨਹੀਂ ਆਵੇਗਾ ਤਾਂ ਉਹ ਕਦੇ ਉਸ ਨੂੰ ਉੱਥੇ ਨਾ ਭੇਜਦੇ।

ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਵਜੋਤ ਦੀ ਲਾਸ਼ ਭਾਰਤ ਲਿਆਉਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਉਹ ਉਸ ਦਾ ਸਸਕਾਰ ਇਧਰ ਕਰ ਸਕਣ। ਕਸ਼ਮੀਰ ਸਿੰਘ ਨੇ ਆਖਿਆ ਕਿ ਉਨ੍ਹਾਂ ਨੂੰ ਅਜੇ ਕੁੱਝ ਨਹੀਂ ਦੱਸਿਆ ਜਾ ਰਿਹਾ ਕਿ ਉਨ੍ਹਾਂ ਦੇ ਲੜਕੇ ਨਾਲ ਕੀ ਹੋਇਆ। ਉਨ੍ਹਾਂ ਆਖਿਆ ਕਿ ਪੋਸਟਮ-ਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਲੱਗ ਸਕੇਗਾ ਕਿ ਉਨ੍ਹਾਂ ਦੇ ਬੇਟੇ ਨਾਲ ਕੀ ਭਾਣਾ ਵਰਤਿਆ।

# ਟਰੰਪ ਨੇ ਕੋਰੋਨਾ ਦੇ 'ਖਤਰਨਾਕ ਦੂਸਰੇ ਦੌਰ' ਦੀ ਚਰਚਾ ਨੂੰ 'ਫੇਕ ਨਿਊਜ਼' ਦੱਸਿਆ

## * ਸਾਡੇ ਉੱਤੇ ਹਮਲਾ ਹੋਇਐ, ਇਹ ਕੋਈ ਫਲੂ ਨਹੀਂ ਸੀ : ਟਰੰਪ



ਵਾਸ਼ਿੰਗਟਨ, 23 ਅਪਰੈਲ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੋਰੋਨਾ ਦੀ ਮਹਾਮਾਰੀ ਦਾ 'ਖਤਰਨਾਕ ਦੂਸਰਾ ਦੌਰ' ਆਉਣ ਦੀ ਚਰਚਾ ਨੂੰ 'ਫੇਕ ਨਿਊਜ਼' ਦੱਸਿਆ ਹੈ। ਉਨ੍ਹਾ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇੱਕ ਵਾਰੀ ਖਤਮ ਹੋਈ ਮਹਾਮਾਰੀ ਵਾਪਸ ਨਹੀਂ ਆਵੇਗੀ।
ਵਰਣਨ ਯੋਗ ਹੈ ਕਿ ਪਿਛਲੇ ਦਿਨੀਂ ਅਮਰੀਕਾ ਦੇ ਕੋਰੋਨਾ ਮਾਹਿਰ ਤੇ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਸੀ ਡੀ ਸੀ) ਦੇ ਡਾਇਰੈਕਟਰ ਰਾਬਰਟ ਰੈਡਫੀਲਡ ਨੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਅਮਰੀਕਾ ਵਿਚ ਕੋਰੋਨਾ ਦੇ ਵਾਇਰਸ ਦੇ ਇਨਫੈਕਸ਼ਨ ਵਾਲੀ ਦੂਜੀ ਲਹਿਰ ਆ ਸਕਦੀ ਹੈ ਅਤੇ ਇਹ ਪਹਿਲੇ ਦੌਰ ਤੋਂ ਵੀ ਵੱਧ ਖਤਰਨਾਕ ਹੋਵੇਗੀ। ਉਨ੍ਹਾਂ ਦਾ ਇਹ ਇੰਟਰਵਿਊ 'ਵਾਸ਼ਿੰਗਟਨ ਪੋਸਟ' ਨੇ ਛਾਪਿਆ ਸੀ। ਅੱਜ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਚਰਚਾ ਨੂੰ ਝੂਠਾ ਕਿਹਾ ਹੈ। ਵ੍ਹਾਈਟ ਹਾਊਸ ਦੀ ਪ੍ਰੈੱਸ ਬ੍ਰੀਫਿੰਗ ਦੌਰਾਨ ਸੀ ਡੀ ਸੀ ਦੇ ਡਾਇਰੈਕਟਰ ਰਾਬਰਟ ਰੈਡਫੀਲਡ ਸਵਾਲ ਬਾਰੇ ਪੁੱਛੇ ਜਾਣ ਉੱਤੇ ਡੋਨਾਲਡ ਟਰੰਪ ਗੁੱਸੇ ਵਿੱਚ ਆ ਗਏ ਤੇ ਉਹ ਕਹਿ ਰਹੇ ਸਨ ਕਿ ਰਾਬਰਟ ਰੈਡਫੀਲਡ ਇਨ੍ਹਾਂ ਖਬਰਾਂ ਦਾ ਮੀਡੀਆ ਸਾਹਮਣੇ ਖੰਡਨ ਕਰਨ ਅਤੇ ਆਪਣੇ ਦਿੱਤੇ ਇੰਟਰਵਿਊ ਦੀ ਸੱਚਾਈ ਦੱਸਣ।
ਅਸਲ ਵਿੱਚ ਪੂਰਾ ਵਿਵਾਦ ਰੈਡਫੀਲਡ ਦੇ ਇੰਟਰਵਿਊ ਦੇ ਉਸ ਹਿੱਸੇ ਤੋਂ ਛਿੜਿਆ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਸਰਦੀਆਂ ਵਿਚ ਅਮਰੀਕਾ ਵਿਚ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਦਾ ਦੂਸਰਾ ਦੌਰ ਸ਼ੁਰੂ ਹੋਵੇਗਾ। ਫਲੂ ਸੀਜਨ ਵਿਚ ਫੈਲਣ ਕਾਰਨ ਇਹ ਪਹਿਲਾਂ ਤੋਂ ਵੀ ਵੱਧ ਔਖੇ ਹਾਲਾਤ ਪੈਦਾ ਕਰੇਗਾ। ਅਖਬਾਰ ਨੇ ਉਨ੍ਹਾਂ ਦੇ ਇੰਟਰਵਿਊ ਨੂੰ ਕਰੜੀ ਚੇਤਾਵਨੀ ਦੇ ਰੂਪ ਵਿੱਚ ਛਾਪਿਆ ਸੀ। ਡੋਨਾਲਡ ਟਰੰਪ ਏਦਾਂ ਦੀ ਕਵਰੇਜ਼ ਤੋਂ ਨਾਰਾਜ਼ ਸਨ। ਉਨ੍ਹਾਂ ਨੇ ਇਸ ਲੇਖ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਦੱਸਿਆ ਤੇ ਉਹ ਰਿਪੋਰਟਰਸ ਉੱਤੇ ਵੀ ਇਸ ਗੱਲ ਤੋਂ ਭੜਕ ਗਏ। ਉਨ੍ਹਾਂ ਨੇ ਰਾਬਰਟ ਰੈਡਫੀਲਡ ਨੂੰ ਸਾਹਮਣੇ ਕਰ ਕੇ ਪੂਰੇ ਕੇਸ ਦੀ ਸੱਚਾਈ ਦੱਸਣ ਨੂੰ ਕਿਹਾ।
ਇਸ ਮੌਕੇ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ ਉੱਤੇ ਹਮਲਾ ਹੋਇਆ ਸੀ। ਟਰੰਪ ਦਾ ਇਹ ਬਿਆਨ ਓਦੋਂ ਆਇਆ ਹੈ, ਜਦੋਂ ਅਮਰੀਕਾ ਵਿਚ ਕੋਰੋਨਾ ਨਾਲ 48,000 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਕਰੀਬ 8.5 ਲੱਖ ਲੋਕ ਇਸ ਤੋਂ ਪ੍ਰਭਾਵਤ ਹਨ। ਟਰੰਪ ਨੇ ਵ੍ਹਾਈਟ ਹਾਊਸ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਸਾਡੇ ਉੱਤੇ ਹਮਲਾ ਹੋਇਆ ਹੈ, ਇਹ ਹਮਲਾ ਸੀ, ਫਲੂ ਨਹੀਂ। 1917 ਵਿਚ ਏਦਾਂ ਆਖਰੀ ਵਾਰ ਹੋਇਆ ਸੀ। ਟਰੰਪ ਕਈ ਹਜ਼ਾਰ ਅਰਬ ਡਾਲਰ ਦੇ ਪੈਕੇਜ ਬਾਰੇ ਇਕ ਸਵਾਲ ਦਾ ਜਵਾਬ ਦੇ ਰਹੇ ਸਨ, ਜਿਹੜਾ ਆਰਥਿਕਤਾ ਨਾਲ ਸੰਬੰਧਤ ਸੀ।

ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕੈਨੇਡੀਅਨ ਕੰਪਨੀ ਨੇ ਤਿਆਰ ਕੀਤੀ ਕੋਵਿਡ-19 ਸਬੰਧੀ ਵੈਕਸੀਨ, ਇਨਸਾਨੀ ਟਰਾਇਲ ਦੀ ਤਿਆਰੀ

...ਪੰਨਾ 1 ਦਾ ਬਾਕੀ

ਕੋਵਿਡ-19 ਨੂੰ ਮਾਤ ਦੇਣ ਲਈ ਵੈਕਸੀਨੇਸ਼ਨ ਰਾਹੀਂ ਇਮਿਊਨਿਟੀ ਵਿੱਚ ਵਾਧਾ ਕਰਨ ਦੀ ਲੋੜ ਹੈ ਤੇ ਅਜਿਹੀ ਵੈਕਸੀਨ ਨੂੰ ਆਮ ਤੌਰ ਉੱਤੇ ਤਿਆਰ ਕਰਨ ਵਿੱਚ 10 ਤੋਂ 15 ਸਾਲ ਦਾ ਸਮਾਂ ਲੱਗ ਸਕਦਾ ਹੈ। ਫਿਰ ਉਸ ਨੂੰ ਟੈਸਟ ਕਰਨ ਤੇ ਮਨਜ਼ੂਰੀ ਮਿਲਣ ਵਿੱਚ ਵੀ ਲੰਮਾਂ ਸਮਾਂ ਜਾ ਸਕਦਾ ਹੈ। ਪਰ ਗਲੋਬਲ ਐਮਰਜੰਸੀ ਦੇ ਚੱਲਦਿਆਂ ਦੁਨੀਆ ਭਰ ਦੇ ਖੋਜਾਰਥੀਆਂ ਤੇ ਵਿਗਿਆਨੀਆਂ ਵੱਲੋਂ ਅਜਿਹੀ ਵੈਕਸੀਨ ਜਲਦ ਤੋਂ ਜਲਦ ਤਿਆਰ ਕਰਨ ਤੇ ਉਸ ਦੀ ਜਾਂਚ ਲਈ ਯੋਗ ਇਨਸਾਨ ਲੱਭਣ ਵਾਸਤੇ ਦੌੜ ਲੱਗੀ ਹੋਈ ਹੈ। ਦੁਨੀਆ ਭਰ ਵਿੱਚ ਇਸ ਸਮੇਂ ਕੋਵਿਡ-19 ਦੀ ਰੋਕਥਾਮ ਲਈ 150 ਵੈਕਸੀਨਜ਼ ਤਿਆਰ ਕੀਤੀਆਂ ਜਾ ਰਹੀਆਂ ਹਨ। ਜਰਮਨੀ ਤੇ ਯੂਕੇ ਵਿੱਚ ਤਾਂ ਕਲੀਨਿਕਲ ਟ੍ਰਾਇਲਜ਼ ਨੂੰ ਵੀ ਹਰੀ ਝੰਡੀ ਦੇ ਦਿੱਤੀ ਗਈ ਹੈ। ਕਨੇਡਾ ਵਿੱਚ ਵੀ ਖੋਜਾਰਥੀਆਂ ਵੱਲੋਂ ਇਸ ਚੁਣੌਤੀ ਨਾਲ ਨਜਿੱਠਣ ਲਈ ਕਈ ਰਾਹ ਲੱਭੇ ਜਾ ਰਹੇ ਹਨ। ਇੱਕ ਕੰਪਨੀ ਤਾਂ ਹੁਣ ਵੈਕਸੀਨ ਨੂੰ ਟੈਸਟ ਕਰਨ ਲਈ ਢੁਕਵੇਂ ਕੈਂਡੀਡੇਟ ਦੀ ਭਾਲ ਕਰ ਰਹੀ ਹੈ। ਇੱਥੇ ਦੱਸਣਾ ਬਣਦਾ ਹੈ ਕਿ 2009 ਵਿੱਚ ਬਾਇਓ-ਫਾਰਮਾਸਿਊਟੀਕਲ ਕੰਪਨੀ ਮੈਡੀਕਾਗੋ ਨੇ ਐਚ1ਐਨ1 ਦੀ ਰਿਸਰਚ ਗ੍ਰੇਡ ਵੈਕਸੀਨ 19 ਦਿਨਾਂ ਵਿੱਚ ਹੀ ਤਿਆਰ ਕਰ ਲਈ ਸੀ। ਇਸੇ ਕੰਪਨੀ ਦਾ ਕਹਿਣਾ ਹੈ ਕਿ ਹੁਣ ਵੀ ਉਨ੍ਹਾਂ ਵੱਲੋਂ ਵਾਇਰਸ ਦਾ ਜੀਨ ਮਿਲਣ ਤੋਂ ਸਿਰਫ 20 ਦਿਨਾਂ ਵਿੱਚ ਹੀ ਕੋਵਿਡ-19 ਦੀ ਵੈਕਸੀਨ ਤਿਆਰ ਕਰ ਲਈ ਗਈ ਹੈ ਬੱਸ ਉਸ ਦੇ ਕਲੀਨਿਕਲ ਟਰਾਇਲ ਲਈ ਉਹ ਕੈਂਡੀਡੇਟ ਲਭ ਰਹੇ ਹਨ। ਕੰਪਨੀ ਕੋਲ ਇਸ ਸਮੇਂ ਫਲੂ ਦੀ ਵੈਕਸੀਨ ਹੈ ਜਿਸ ਦਾ ਮੁਲਾਂਕਣ ਕੈਨੇਡੀਅਨ ਰੈਗੂਲੇਟਰਜ਼ ਵੱਲੋਂ ਕੀਤਾ ਜਾ ਰਿਹਾ ਹੈ।

# ਸੋਨੀਆ ਗਾਂਧੀ ਵੱਲੋਂ ਦੋਸ਼: ਕੋਰੋਨਾ ਸੰਕਟ ਵਿੱਚ ਭਾਜਪਾ ਨਫ਼ਰਤ ਦਾ ਵਾਇਰਸ ਫੈਲਾ ਰਹੀ ਹੈ



ਨਵੀਂ ਦਿੱਲੀ, 23 ਅਪਰੈਲ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਕੋਰੋਨਾ ਨਾਲ ਜੰਗ ਬਾਰੇ ਅੱਜ ਕੇਂਦਰ ਸਰਕਾਰ ਦੀ ਸੁਹਿਰਦਤਾ ਅਤੇ ਫੁਰਤੀ ਉੱਤੇ ਸਵਾਲ ਉਠਾਇਆ ਤੇ ਭਾਜਪਾ ਉੱਤੇ ਮਹਾਮਾਰੀ ਦੌਰਾਨ ਫਿਰਕੂ ਨਫ਼ਰਤ ਦਾ ਵਾਇਰਸ ਫੈਲਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿੱਚ ਵੀ ਦੇਸ਼ ਦੀ ਸਮਾਜਿਕ ਏਕਤਾ ਨੂੰ ਗੰਭੀਰ ਸੱਟ ਪਹੁੰਚਾਈ ਜਾ ਰਹੀ ਹੈ।
ਕੋਰੋਨਾ ਸੰਕਟ ਬਾਰੇ ਕਾਂਗਰਸ ਵਰਕਿੰਗ ਕਮੇਟੀ ਦੀ ਵੀਡੀਓ ਕਾਨਫਰੰਸਿੰਗ ਨਾਲ ਹੋਈ ਬੈਠਕ ਮੌਕੇ ਅੱਜ ਸੋਨੀਆ ਗਾਂਧੀ ਨੇ ਇਸ ਸੰਕਟ ਦੌਰਾਨ ਪਹਿਲੀ ਵਾਰ ਸਰਕਾਰ ਤੇ ਭਾਰਤੀ ਜਨਤਾ ਪਾਰਟੀ ਉੱਤੇ ਸਿਆਸੀ ਹਮਲਾ ਕੀਤਾ ਤੇ ਕਿਹਾ ਕਿ ਕੋਰੋਨਾ ਵਿਰੁੱਧ ਰਲ ਕੇ ਲੜਨ ਵੇਲੇ ਭਾਜਪਾ ਪੱਖਪਾਤੀ ਹੈ ਤੇ ਨਫ਼ਰਤ ਦਾ ਵਾਇਰਸ ਫੈਲਾ ਰਹੀ ਹੈ। ਮਹਾਰਾਸ਼ਟਰ ਦੇ ਪਾਲਘਰ ਵਿੱਚ ਭੀੜ ਵੱਲੋਂ ਤਿੰਨ ਸਾਧੂਆਂ ਦੇ ਮਾਰੇ ਜਾਣ ਦੀ ਘਟਨਾ ਦਾ ਜ਼ਿਕਰ ਕੀਤੇ ਬਿਨਾਂ ਸੋਨੀਆ ਗਾਂਧੀ ਦੇ ਹਮਲੇ ਦੀ ਵਰਕਿੰਗ ਕਮੇਟੀ ਨੇ ਹਮਾਇਤ ਕੀਤੀ ਅਤੇ ਕਿਹਾ ਕਿ ਕੋਰੋਨਾ ਵਾਇਰਸ ਜਾਤੀ, ਧਰਮ, ਫਿਰਕੇ ਜਾਂ ਲਿੰਗ ਦਾ ਵਿਤਕਰਾ ਨਹੀਂ ਕਰਦਾ। ਇਸ ਵਿਰੁੱਧ ਮਿਲ ਕੇ ਲੜਨ ਦੀ ਬਜਾਏ ਭਾਜਪਾ ਫਿਰਕੂ ਵੰਡ ਦੀ ਅੱਗ ਲਾਉਣ ਦੇ ਯਤਨ ਕਰ ਰਹੀ ਹੈ। ਆਪਣੀ ਪਾਰਟੀ ਵੱਲੋਂ ਕੋਰੋਨਾ ਨਾਲ ਲੜਾਈ ਲਈ ਪ੍ਰਧਾਨ ਮੰਤਰੀ ਨੂੰ ਦਿੱਤੇ ਸੁਝਾਵਾਂ ਉੱਤੇ ਅੰਸ਼ਕ ਅਮਲ ਦੀ ਗੱਲ ਦੱਸ ਕੇ ਸੋਨੀਆ ਗਾਂਧੀ ਨੇ ਕਿਹਾ ਕਿ ਮਹਾਮਾਰੀ ਰੋਕਣ ਲਈ ਟੈਸਟਿੰਗ ਵਧਾਉਣਾ ਹੀ ਇਕੋ ਬਦਲ ਹੈ। ਇਸ ਲਈ ਖ਼ਰਾਬ ਕਿੱਟਾਂ ਤੋਂ ਉਭਰ ਕੇ ਡਾਕ-ਟਰਾਂ ਤੇ ਹਸਪਤਾਲਾਂ ਨੂੰ ਯੋਗ ਸੁਰੱਖਿਆ ਸਾਮਾਨ ਦੀ ਪੂਰੀ ਸਪਲਾਈ ਚਾਹੀਦੀ ਹੈ। ਲਾਕਡਾਊਨ ਦੇ ਸੰਕਟ ਵਿੱਚ ਫਸੇ ਗ਼ਰੀਬ ਪਰਿਵਾਰਾਂ ਤੇ ਮਜ਼ਦੂਰਾਂ, ਜਿਨ੍ਹਾਂ ਦੀ ਗਿਣਤੀ 11 ਕਰੋੜ ਹੈ, ਨੂੰ 7500 ਰੁਪਏ ਨਕਦ ਭੇਜਣ ਤੇ ਹਰ ਮਹੀਨੇ 10 ਕਿੱਲੋ ਚੌਲ ਜਾਂ ਕਣਕ, ਇਕ ਕਿੱਲੋ ਦਾਲ ਤੇ ਅੱਧਾ ਕਿੱਲੋ ਖੰਡ ਮੁਫਤ ਦੇਣ ਦੀ ਮੰਗ ਕਾਂਗਰਸ ਪਾਰਟੀ ਨੇ ਕਿਹਾ ਕਿ ਇਸ ਦੌਰਾਨ ਜਿਹੜੇ 12 ਕਰੋੜ ਲੋਕਾਂ ਦੇ ਰੁਜ਼ਗਾਰ ਚਲੇ ਗਏ ਹਨ, ਉਨ੍ਹਾਂ ਨੂੰ ਮਦਦ ਦੀ ਲੋੜ ਹੈ।

Aikam MEDIA GROUP
Radio Punjab
Monday to Friday 2:00PM to 3:00PM on 89.5 FM
Aikam TV
Every Saturday on Vision TV Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music Instruments Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Cell:416-587-5520
Email: iqbalmahal46@gmail.com
Iqbal Mahal Producer & Host
Serving the South Asian Community Since 1976

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY • LOANS • HOME RENOVATION • WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047


GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ Individual Yard & Driveway
✓ 25x100ft lot ✓ Finished Basement
Deposit Structure
40k $10,000 Submitted with offer
$10,000 Submitted 90 days after Offer Date
$20,000 Submitted 150 days after Offer Date
Jagdish Grewal Sales Representative
Residential | Commercial | Investment (416) 970-5005
Century 21 President Realty Inc. Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh Producer/ Host
Cell: 416 662 1313
Email: punjabirang13@hotmail.com

# ਮਹਾਬਲੀ ਹੋਣ ਦੇ ਭਰਮ ਹੇਠ ਕੀਤੀਆਂ ਗਲਤੀਆਂ ਨੂੰ ਹੀ ਭੁਗਤਦਾ ਪਿਆ ਹੈ ਮਨੁੱਖ



ਜਤਿੰਦਰ ਪੰਨੂ

ਆਪਣੇ ਆਪ ਨੂੰ ਮਹਾਂਬਲੀ ਸਮਝਣ ਦਾ ਭਰਮ ਪਾਲ ਬੈਠੇ ਮਨੁੱਖ ਨੇ ਜੰਗਲਾਂ ਤੋਂ ਬਸਤੀਆਂ, ਫਿਰ ਸ਼ਹਿਰ ਤੇ ਉਸ ਦੇ ਬਾਅਦ ਇਸ ਧਰਤੀ ਤੋਂ ਉੱਪਰ ਪੁਲਾੜ ਵਿੱਚ ਵੀ ਅੱਡੇ ਜਾ ਬਣਾਏ ਹਨ। ਇਸ ਵਕਤ ਜਦੋਂ ਸੰਸਾਰ ਭਰ ਵਿੱਚ ਕੋਰੋਨਾ ਦੇ ਕਹਿਰ ਨਾਲ ਇਨਸਾਨੀਅਤ ਕੰਬ ਰਹੀ ਹੈ, ਸਪੇਸ ਵਿੱਚ ਮਨੁੱਖ ਦਾ ਬਣਾਇਆ ਸਟੇਸ਼ਨ ਓਦੋਂ ਵੀ ਕੰਮ ਕਰਦਾ ਪਿਆ ਹੈ ਤੇ ਸ਼ੁੱਕਰਵਾਰ ਸਤਾਰਾਂ ਅਪਰੈਲ ਵਾਲੇ ਦਿਨ ਓਥੋਂ ਤਿੰਨ ਆਸਟਰੋਨਾਟ ਧਰਤੀ ਉੱਤੇ ਵਾਪਸ ਆਏ ਹਨ। ਜਨਮ ਵੇਲੇ ਦੇ ਦੋ ਅਮਰੀਕਨ ਨਾਗਰਿਕ, ਇੱਕ ਕੁੜੀ ਜੈਸਿਕਾ ਮੀਰ ਅਤੇ ਦੂਸਰਾ ਐਂਡਰਿਊ ਮਾਰਗਨ ਸਨ ਤੇ ਤੀਸਰਾ ਰੂਸ ਵਾਲਿਆਂ ਦਾ ਸੋਯੂਜ਼ ਕਮਾਂਡਰ ਓਲੇਗ ਸਕਰੀਪੋਚਕਾ ਇਕੱਠੇ ਉਸ ਪੁਲਾੜ ਸਟੇਸ਼ਨ ਤੋਂ ਮੁੜੇ ਹਨ। ਜੈਸਿਕਾ ਅਤੇ ਸਕਰੀਪੋਚਕਾ ਓਥੇ ਦੋ ਸੌ ਪੰਜ ਦਿਨ ਗੁਜ਼ਾਰ ਕੇ ਆਏ ਅਤੇ ਐਂਡਰਿਊ ਦੋ ਸੌ ਬਹੱਤਰ ਦਿਨਾਂ ਪਿੱਛੋਂ ਮੁੜਿਆ ਹੈ। ਪੁਲਾੜ ਵਿੱਚ ਬਿਨਾਂ ਕਿਸੇ ਥੰਮ੍ਹੀ ਜਾਂ ਪਿੱਲਰ ਤੋਂ ਟਿਕੇ ਹੋਏ ਸਪੇਸ ਸਟੇਸ਼ਨ ਵਿੱਚ ਜਾਂਦੇ ਇਹ ਲੋਕ ਕਈ ਵਾਰੀ ਬਾਹਰ ਨਿਕਲਦੇ ਤੇ ਬਿਨਾਂ ਕਿਸੇ ਜਹਾਜ਼, ਪੈਰਾਸ਼ੂਟ ਜਾਂ ਪੌੜੀ ਤੋਂ ਖਾਲੀ ਪੁਲਾੜ ਵਿੱਚ ਸੈਰ ਕਰਦੇ ਹਨ ਤੇ ਕੁਦਰਤ ਦੀ ਵੱਖ-ਵੱਖ ਗ੍ਰਹਿਆਂ ਨੂੰ ਆਪੋ ਵਿੱਚ ਖਿੱਚਣ ਦੀ ਤਾਕਤ ਇਨ੍ਹਾਂ ਨੂੰ ਕਿਸੇ ਗ੍ਰਹਿ ਵੱਲ ਖਿਸਕਣ ਦੀ ਥਾਂ ਵਿਚਾਲੇ ਟਿਕਾ ਕੇ ਚਮਤਕਾਰ ਵਾਂਗ ਕੰਮ ਕਰਦੀ ਹੈ।

ਸੰਸਾਰ ਪੱਧਰ ਦੀ ਇੱਕ ਸੰਸਥਾ ਨੇ ਕੁਝ ਸਾਲ ਪਹਿਲਾਂ ਇਹ ਖੋਜ ਆਰੰਭ ਕਰ ਦਿੱਤੀ ਕਿ ਧਰਤੀ ਦੇ ਕੇਂਦਰ ਵਿੱਚ ਉਸ ਸ਼ਕਤੀ ਦਾ ਬਿੰਦੂ ਵੇਖਣਾ ਹੈ, ਜਿਹੜਾ ਸਭ ਚੀਜ਼ਾਂ ਨੂੰ ਆਪਣੇ ਵੱਲ ਖਿੱਚਦਾ ਹੈ। ਕੁਝ ਲੋਕਾਂ ਦਾ ਖਿਆਲ ਸੀ ਕਿ ਏਦਾਂ ਦੀ ਖੋਜ ਲਈ ਡੂੰਘੇ ਹੇਠਾਂ ਭੇਜੇ ਗਏ ਵਰਮੇ (ਡਰਿੱਲਜ਼) ਕਿਸੇ ਤਰ੍ਹਾਂ ਉਸ ਖਾਸ ਕੇਂਦਰ ਨਾਲ ਟਕਰਾਅ ਕੇ ਕੁਝ ਏਦਾਂ ਦੀ ਅਣਕਿਆਸੀ ਸਥਿਤੀ ਪੈਦਾ ਕਰ ਸਕਦੇ ਹਨ ਕਿ ਧਰਤੀ ਹੀ ਖਿੱਲਰ ਜਾਵੇ, ਜਿਸ ਨਾਲ ਮਨੁੱਖੀ ਜੀਵਨ ਦੀ ਹੋਂਦ ਵਾਸਤੇ ਖਤਰਾ ਹੋ ਸਕਦਾ ਹੈ। ਕਮਾਲ ਦੀ ਗੱਲ ਕਿ ਬੰਦਾ ਦੂਸਰੇ ਗ੍ਰਹਿਆਂ ਵਿਚਾਲੇ ਬਿਨਾਂ ਬੁਰਜੀਆਂ ਤੋਂ ਪੁਲਾੜ ਖੋਜ ਦਾ ਸਟੇਸ਼ਨ ਬਣਾਈ ਬੈਠਾ ਹੈ, ਧਰਤੀ ਦੀ ਧੁੰਨੀ ਤੱਕ ਜਾਣ ਲਈ ਵਰਮੇ ਮਾਰੀ ਜਾਂਦਾ ਹੈ ਤੇ ਸਮੁੰਦਰਾਂ ਦੀ ਤਹਿ ਤੱਕ ਜਾਣ ਲਈ ਕੋਈ ਕਸਰ ਨਹੀਂ ਛੱਡਦਾ, ਪਰ ਆਪਣੇ ਸਿਰ ਪੈਂਦੀਆਂ ਮਹਾਂਮਾਰੀਆਂ ਰੋਕਣ ਦੇ ਸਮਰੱਥ ਅਜੇ ਨਹੀਂ ਹੋ ਸਕਿਆ।


ਮਹਾਮਾਰੀਆਂ ਮਨੁੱਖ ਦੀ ਹੋਂਦ ਨਾਲ ਉਸ ਵੇਲੇ ਤੋਂ ਜੁੜੀਆਂ ਹਨ, ਜਦੋਂ ਅਜੇ ਇਹ ਬਿਨਾਂ ਕੱਪੜਿਆਂ ਤੋਂ ਜੰਗਲਾਂ ਦੇ ਜੀਵਾਂ ਵਾਂਗ ਘੁਮੰਤਰੀ ਜੀਵਨ ਗੁਜ਼ਾਰ ਰਿਹਾ ਸੀ। ਓਦੋਂ ਉਸ ਕੋਲ ਕਿਸੇ ਤਰ੍ਹਾਂ ਦੀ ਖੋਜ ਵੀ ਨਹੀਂ ਸੀ ਤੇ ਜਿਹੜਾ ਕਿਸੇ ਵੀ ਤਰ੍ਹਾਂ ਦਾ ਓਹੜ-ਪੋਹੜ ਇੱਕ ਜਣਾ ਕਰ ਲੈਂਦਾ ਸੀ, ਉਸ ਨੂੰ ਸੰਭਾਲੀ ਰੱਖਣ ਦਾ ਚੇਤੇ ਤੋਂ ਸਿਵਾ ਕੋਈ ਹੋਰ ਢੰਗ ਵੀ ਨਹੀਂ ਸੀ ਲੱਭਾ, ਕਿਉਂਕਿ ਓਦੋਂ ਤੱਕ ਨਾ ਲਿਖਣ ਲਈ ਸ਼ਬਦ ਸੁੱਝੇ ਸਨ ਤੇ ਨਾ ਅੱਖਰ ਬਣੇ ਸਨ। ਜਿਹੜੀਆਂ ਸੱਟਾਂ ਦਾ ਮਨੁੱਖ ਦੇ ਵੱਡੇ-ਵਡੇਰਿਆਂ ਨੂੰ ਸਾਹ-ਮਣਾ ਕਰਨਾ ਪੈਂਦਾ ਰਿਹਾ, ਉਹ ਅਗਲੀਆਂ ਪੀੜ੍ਹੀਆਂ ਤੱਕ ਸੀਨਾ-ਬ-ਸੀਨਾ ਅੱਗੇ ਤੁਰਦੀਆਂ ਅਤੇ ਲੋੜ ਵੇਲੇ ਕੰਮ ਆਉਣ ਤੋਂ ਇਲਾਵਾ ਹੋਰ ਖੋਜਾਂ ਦਾ ਆਧਾਰ ਵੀ ਬਣਦੀਆਂ ਰਹੀਆਂ। ਕਿਸੇ ਵਕਤ ਟਾਹਣੀ ਤੋਂ ਛਾਲ ਮਾਰਨ ਵਾਲੇ ਕਿਸੇ ਬਾਂਦਰ ਜਾਂ ਚਿੰਪੈਂਜੀ ਨੇ ਜਦੋਂ ਇਹ ਵੇਖਿਆ ਕਿ ਇਸ ਨਾਲ ਟਾਹਣੀ ਹਿੱਲੀ ਸੀ ਤੇ ਸਿੱਟੇ ਵਜੋਂ ਕੁਝ ਫਲ ਡਿੱਗੇ ਸਨ, ਉਸ ਨੂੰ ਦੋਬਾਰਾ ਅਜ਼ਮਾਉਣ ਲਈ ਉਸ ਨੇ ਹੋਰ ਛਾਲਾਂ ਮਾਰੀਆਂ ਅਤੇ ਫਲ ਡਿੱਗੇ ਵੇਖ ਕੇ ਫਲ ਤੋੜਨ ਦਾ ਤਰੀਕਾ ਸਿੱਖ ਲਿਆ ਸੀ। ਸਹਿਜ ਸੁਭਾਅ ਕਿਸੇ ਫਲ ਦੀ ਛਿੱਲ ਜ਼ਖਮਾਂ ਉੱਤੇ ਲੱਗ ਜਾਣ ਨਾਲ ਉਸ ਕੋਲ ਇਸ ਤਰ੍ਹਾਂ ਜ਼ਖਮਾਂ ਉੱਤੇ ਫੈਹਾ ਲਾਉਣ ਦੀ ਅਕਲ ਪਹੁੰਚੀ ਸੀ ਤੇ ਕਿਸੇ ਖਾਸ ਫਲ ਖਾਧੇ ਤੋਂ ਅਚਾਨਕ ਹੋਏ ਕਿਸੇ ਫਾਇਦੇ ਨੇ ਉਸ ਨੂੰ ਬਿਮਾਰੀਆਂ ਲਈ ਏਦਾਂ ਦੇ ਨੁਸਖੇ ਵਰਤਣ ਦੇ ਰਾਹ ਤੋਰਿਆ ਹੋਵੇਗਾ। ਉਸ ਨੇ ਅਚਾਨਕ ਹੋਈ ਹਰ ਪ੍ਰਾਪਤੀ ਤੋਂ ਵੀ ਸਿੱਖਿਆ ਸੀ ਅਤੇ ਆਪਣੀਆਂ ਗਲਤੀਆਂ ਤੋਂ ਵੀ ਕੁਝ ਨਾ ਕੁਝ ਸਿੱਖਦਾ ਹੋਇਆ ਅੱਜ ਦੇ ਮੁਕਾਮ ਤੱਕ ਪਹੁੰਚਿਆ ਹੈ।

ਮਨੁੱਖੀ ਅਕਲ ਨੇ ਕਈ ਪੜਾਅ ਪਾਰ ਕੀਤੇ ਅਤੇ ਹਰ ਵਾਰੀ ਕੁਝ ਨਵਾਂ ਕੀਤਾ ਹੈ, ਪਰ ਇਹ ਗੱਲ ਯਾਦ ਨਹੀਂ ਸੀ ਰਹੀ ਕਿ ਉਸ ਦੇ ਨਾਲ-ਨਾਲ ਪਦਾਰਥ ਵੀ ਕਈ ਪੜਾਅ ਪਾਰ ਕਰਦਾ ਜਾ ਰਿਹਾ ਹੈ। ਇੱਕ ਫਲ ਦੀਆਂ ਕਈ ਕਿਸਮਾਂ ਬਣ ਜਾਣ ਵਾਂਗ ਇੱਕ ਪਦਾਰਥ ਨੂੰ ਵੱਖੋ-ਵੱਖ ਢੰਗਾਂ ਨਾਲ ਵਰਤੇ ਜਾਣ ਕਾਰਨ ਉਸ ਦੇ ਪ੍ਰਤੀਕਰਮ ਵਜੋਂ ਕਈ ਕਿਸਮਾਂ ਦੇ ਨਵੇਂ ਜੀਨ ਵੀ ਬਣਦੇ ਗਏ ਹਨ। ਸਿਆਣੇ ਆਖਦੇ ਹਨ ਕਿ ਕੁਝ ਸਮਾਂ ਲੰਘ ਜਾਵੇ ਤਾਂ ਆਪਣਾ ਜੂਠਾ ਪਾਣੀ ਵੀ ਪੀਣਾ ਮੂਰਖਤਾ ਹੋ ਸਕਦੀ ਹੈ। ਇਸ ਦਾ ਵੀ ਵਿਗਿਆਨਕ ਕਾਰਨ ਹੈ। ਕਦੀ ਅਸੀਂ ਗਿਲਾਸ ਵਿੱਚ ਪਾ ਕੇ ਦੁੱਧ ਰੱਖ ਦੇਈਏ ਤੇ ਦੂਸਰੇ ਦਿਨ ਤੱਕ ਪਿਆ ਰਹੇ ਤਾਂ ਫਿਰ ਉਹ ਦੁੱਧ ਨਹੀਂ ਰਹਿੰਦਾ, ਆਪਣੇ ਆਪ ਦਹੀਂ ਦੀ ਮੁੱਢਲੀ ਕਿਸਮ ਬਣ ਜਾਂਦਾ ਹੈ। ਚੀਜ਼ਾਂ ਜਿੰਦਾਂ ਆਪਸ ਵਿੱਚ ਤੱਤਾਂ ਦੇ ਮਿਲਣ ਨਾਲ ਬਦਲਦੀਆਂ ਹਨ, ਇੱਕ ਵਾਰੀ ਪਾਣੀ ਪੀਤੇ ਤੋਂ ਜਿਹੜਾ ਮਨੁੱਖੀ ਥੁੱਕ ਉਸ ਗਿਲਾਸ ਦੇ ਨਾਲ ਲੱਗ ਗਿਆ ਹੁੰਦਾ ਹੈ, ਉਸ ਵਿੱਚ ਗਏ ਤੱਤਾਂ ਨਾਲ ਉਸ ਪਾਣੀ ਉੱਤੇ ਵੀ ਡਾਕਟਰ ਪ੍ਰਤੀਕਿਰਿਆ ਚੱਲਣ ਦਾ ਦਾਅਵਾ ਕਰਦੇ ਹਨ। ਅਸੀਂ ਲੋਕ ਕਈ ਤਰ੍ਹਾਂ ਦੇ ਖੁਰਾਕੀ ਤੱਤ ਖਾਂਦੇ ਹਾਂ। ਪੁਰਾਣੇ ਸਮਿਆਂ ਤੋਂ ਭੋਜਨ ਛੱਤੀ ਪ੍ਰਕਾਰ ਦਾ ਕਿਹਾ ਜਾਂਦਾ ਹੈ, ਜਿਸ ਵਿੱਚ ਆਟਾ, ਪਾਣੀ ਤੇ ਲੂਣ ਆਦਿ ਤੋਂ ਤੁਰ ਕੇ ਜਿੰਨੇ ਵੀ ਤੱਤ ਹੋ ਸਕਦੇ ਹਨ, ਉਨ੍ਹਾਂ ਦੀ ਗਿਣਤੀ ਕੀਤੀ ਜਾਂਦੀ ਹੈ। ਏਨੇ ਤੱਤ ਪਕਾਏ ਜਾਣ ਵੇਲੇ ਵੀ ਇੱਕ ਦੂਸਰੇ ਨਾਲ ਘੁਲਦੇ ਹਨ ਤੇ ਫਿਰ ਪੇਟ ਦੇ ਅੰਦਰ ਜਾ ਕੇ ਵੀ ਘੁਲਦੇ ਹਨ ਤਾਂ ਜੀਵਨ ਦੇ ਤੱਤਾਂ ਤੋਂ ਕਦੇ ਕੋਈ ਨਵਾਂ ਜੀਨ ਲਾਹੇਵੰਦਾ ਪੈਦਾ ਹੋ ਸਕਦਾ ਹੈ ਅਤੇ ਕੋਈ ਨੁਕਸਾਨ ਕਰਨ ਵਾਲਾ ਵੀ। ਲਾਹੇਵੰਦ ਹੋਵੇ ਜਾਂ ਨੁਕਸਾਨ ਕਰਨ ਵਾਲਾ, ਇਨ੍ਹਾਂ ਦਾ ਇੱਕਦਮ ਪਤਾ ਨਹੀਂ ਲੱਗਦਾ ਤੇ ਅੰਦਰੋ-ਅੰਦਰੀ ਵਿਕਸਤ ਹੁੰਦੇ ਜੀਵਾਣੂ ਜਦੋਂ ਤਾਕਤ ਫੜ ਲੈਣ ਤਾਂ ਉਸ ਵਕਤ ਉਨ੍ਹਾਂ ਦਾ ਅਸਰ ਵੇਖ ਕੇ ਬੰਦਾ ਬੌਂਦਲ ਕੇ ਰਹਿ ਜਾਂਦਾ ਹੈ। ਸਾਡੀ ਧਰਤੀ ਵਿੱਚ ਖੇਤੀ ਵਾਸਤੇ ਲਾਹੇਵੰਦ ਕੀੜੇ ਵੀ ਹਨ ਤੇ ਨੁਕਸਾਨ ਕਰਨ ਵਾਲੇ ਵੀ ਤੇ ਜਦੋਂ ਨੁਕਸਾਨ ਕਰਨ ਵਾਲੇ ਕੀੜਿਆਂ ਨੂੰ ਮਾਰਿਆ ਜਾਂਦਾ ਹੈ, ਖੇਤੀ ਵਿਗਿਆਨੀ ਕਹਿੰਦੇ ਹਨ ਕਿ ਇਸ ਤਰ੍ਹਾਂ ਵਾਰ-ਵਾਰ ਕਰਨ ਨਾਲ ਉਹ ਕੀੜੇ ਨਾਲ ਹੀ ਮਰਨ ਲੱਗਦੇ ਹਨ, ਜਿਹੜੇ ਖੇਤੀ ਲਈ ਲਾਹੇਵੰਦੇ ਹਨ। ਇਹੋ ਹਾਲਤ ਮਨੁੱਖ ਦੇ ਸਰੀਰ ਦੀ ਹੈ। ਬਿਮਾਰੀ ਕਾਰਨ ਜਦੋਂ ਅਸੀਂ ਦਵਾਈ ਲੈਂਦੇ ਹਾਂ, ਅੱਜਕੱਲ੍ਹ ਕੋਈ ਦਵਾਈ ਤੱਤ ਰੂਪ ਵਿੱਚ ਘੱਟ ਹੀ ਹੋਵੇਗੀ, ਬਹੁਤੀਆਂ ਦਵਾਈਆਂ ਇੱਕ ਤੋਂ ਵੱਧ ਤੱਤਾਂ ਵਾਲੀਆਂ ਹਨ ਤੇ ਜਦੋਂ ਅਸੀਂ ਇਲਾਜ ਲਈ ਖਾਂਦੇ ਹਾਂ ਤਾਂ ਲਾਹੇਵੰਦ ਤੱਤਾਂ ਨਾਲ ਬੇਲੋੜੇ ਤੱਤ ਵੀ ਸਰੀਰ ਵਿੱਚ ਚਲੇ ਜਾਂਦੇ ਹਨ। ਹਰ ਕੈਮੀਕਲ ਨੇ ਆਪਣਾ ਅਸਰ ਦਿਖਾਉਣਾ ਹੁੰਦਾ ਹੈ। ਬੇਲੋੜੇ ਤੱਤ ਪੇਟ ਅੰਦਰ ਜਾ ਕੇ ਜਿੰਦਾਂ ਦੇ ਅਸਰ ਦਿਖਾਉਂਦੇ ਹਨ, ਸਾਡੇ ਅਨਾਜ ਦੇ ਨਾਲ ਕੈਮੀਕਲ ਖਾਦਾਂ ਤੇ ਕੀੜੇ ਮਾਰ ਦਵਾਈਆਂ ਦੇ ਜਿਹੜੇ ਪੈਕੇਜ ਅਸੀਂ ਖਾ ਰਹੇ ਹਾਂ, ਉਸ ਦਾ ਅਸਰ ਵੀ ਹੁੰਦਾ ਹੈ। ਇਹ ਅਸਰ ਸਮਾਂ ਪਾ ਕੇ ਪਤਾ ਲੱਗਦਾ ਹੈ। ਬੀਤੇ ਸਮਿਆਂ ਵਿੱਚ ਜਿੰਨੀਆਂ ਵੀ ਮਹਾਮਾਰੀਆਂ ਪੈਦਾ ਹੋਈਆਂ, ਇਨ੍ਹਾਂ ਵਿੱਚੋਂ ਕੋਈ ਇੱਕ ਵੀ ਏਦਾਂ ਦੀ ਨਹੀਂ ਜਾਪਦੀ, ਜਿਹੜੀ ਜੰਗਲਾਂ ਵਿੱਚ ਇਨਸਾਨ ਦੇ ਘੁੰਮਣ ਵਾਲੇ ਸਮੇਂ ਤੋਂ ਸਰੀਰ ਵਿੱਚ ਜੜ੍ਹਾਂ ਜਮਾਈ ਬੈਠੀ ਹੋਵੇ। ਇਹ ਸਭ ਕਸੂਰ ਇਨਸਾਨ ਦਾ ਆਪਣਾ ਹੈ।

ਸਾਡੇ ਕੋਲ ਬੜੀ ਵਾਰ ਇਹ ਖਬਰਾਂ ਪੁੱਜਦੀਆਂ ਹਨ ਕਿ ਫਲਾਣੀ ਕੰਪਨੀ ਨੇ ਦਵਾਈ ਜਾਣਬੁੱਝ ਕੇ ਇਸ ਕਿਸਮ ਦੀ ਬਣਾਈ ਸੀ, ਤਾਂ ਕਿ ਲੋਕਾਂ ਉੱਤੇ ਇਸ ਬਾਰੇ ਚੁੱਪ-ਚੁਪੀਤੇ ਤਜਰਬਾ ਕੀਤਾ ਜਾ ਸਕੇ। ਕਰੋੜਾਂ ਕੀ, ਅਰਬਾਂ ਰੁਪਏ ਕਮਾਉਣ ਦੇ ਸਮਰੱਥ ਇਹ ਕੰਪਨੀਆਂ ਲਗਭਗ ਹਰ ਦੇਸ਼ ਦੇ ਆਗੂਆਂ ਦੀ ਜ਼ਮੀਰ ਨੂੰ ਸਿੱਧੇ ਜਾਂ ਟੇਢੇ ਤਰੀਕੇ ਨਾਲ ਖਰੀਦ ਜੋਗੇ ਪੈਸੇ ਖਰਚ ਕਰਦੀਆਂ ਹਨ। ਇਹੋ ਕਾਰਨ ਹੈ ਕਿ ਉਹ ਆਗੂ ਅੱਖੀਂ ਵੇਖ ਕੇ ਵੀ ਮੱਖੀ ਖਾਈ ਜਾਂਦੇ ਹਨ। ਜਿਹੜੀ ਦਵਾਈ ਆਮ ਲੋਕਾਂ ਵਾਸਤੇ ਖਤਰਨਾਕ ਹੈ, ਕਿਸੇ ਨਾ ਕਿਸੇ ਤਰ੍ਹਾਂ ਉਸ ਦੀ ਲਾਗ ਆਗੂਆਂ ਦੇ ਘਰਾਂ ਤੱਕ ਵੀ ਜਾਂਦੀ ਹੈ, ਪਰ ਪੈਸਾ ਜ਼ਮੀਰ ਅਤੇ ਭਵਿੱਖ ਦੋਵਾਂ ਤੋਂ ਅੱਖਾਂ ਚੁਰਾਉਣਾ ਸਿਖਾ ਦੇਂਦਾ ਹੈ। ਫਿਰ ਬੰਦਾ ਆਤਮ ਘਾਤੀ ਰਾਹੇ ਤੁਰੀ ਜਾਂਦਾ ਹੈ ਤੇ ਨਤੀਜੇ ਵਜੋਂ ਇੱਕ ਦਿਨ ਇਹੋ ਜਿਹਾ ਆ ਜਾਂਦਾ ਹੈ, ਜਦੋਂ ਕੀਤੀ ਹੋਈ ਭੁੱਲ ਸੁਧਾਰਨ ਦਾ ਵਕਤ ਵੀ ਨਹੀਂ ਰਹਿੰਦਾ ਤੇ ਉਸ ਦੀ ਕੀਤੀ ਭੁੱਲ ਸਿਰਫ ਉਸ ਨੂੰ ਨਹੀਂ, ਸਮੁੱਚੇ ਸਮਾਜ ਨੂੰ ਭੁਗਤਣੀ ਪੈ ਜਾਂਦੀ ਹੈ। ਮਹਾਂਸ਼ਕਤੀ ਹੋਣ ਜਾਂ ਮਹਾਂਸ਼ਕਤੀ ਬਣਨ ਦੇ ਸੁਫਨੇ ਵੇਖਣ ਵਾਲੇ ਦੇਸ਼ਾਂ ਦੇ ਹਾਕਮਾਂ ਤੇ ਵਿਗਿਆਨੀਆਂ ਨੇ ਪਿਛਲੇ ਸਮੇਂ ਵਿੱਚ ਜਿਹੜੀਆਂ ਭੁੱਲਾਂ ਕੀਤੀਆਂ, ਉਨ੍ਹਾਂ ਦਾ ਖਮਿਆਜ਼ਾ ਕਈ ਵਾਰ ਭੁਗਤ ਚੁੱਕਾ ਮਨੁੱਖ ਅੱਜ ਕੋਰੋਨਾ ਦੇ ਅਸਰ ਹੇਠ ਵੀ ਭੁਗਤ ਰਿਹਾ ਹੈ। ਮਹਾਬਲੀ ਹੋਣ ਦਾ ਜਿਹੜਾ ਭਰਮ ਇਸ ਨੂੰ ਕਦੀ ਐਟਮੀ ਜੰਗਾਂ ਦੇ ਨੇੜੇ ਲੈ ਜਾਂਦਾ ਹੈ, ਕਦੀ ਸਪੇਸ ਵਾਰ ਦੇ ਤਜਰਬੇ ਕਰਨ ਦੇ ਰਾਹ ਪਾਉਂਦਾ ਹੈ ਤੇ ਕਦੀ ਜੈਵਿਕ ਹਥਿਆਰ ਬਣਾਉਣ ਦੇ ਰਾਹ ਤੋਰਦਾ ਹੈ, ਉਹ ਕਿਸੇ ਦਿਨ ਸਾਰੀ ਦੁਨੀਆ ਦੀ ਤਬਾਹੀ ਦਾ ਸਬੱਬ ਬਣ ਸਕਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵਾਰ ਵੀ ਕੋਰੋਨਾ ਵਾਇਰਸ ਦੀ ਮਹਾਮਾਰੀ ਦੇ ਮੂਹਰੇ ਖੜੇ ਮਨੁੱਖ ਲਈ ਬਹਿਸ ਦਾ ਮੁੱਖ ਵਿਸ਼ਾ ਅਜੋਕੀ ਮਹਾਮਾਰੀ ਤੋਂ ਬਚਾਅ ਤੱਕ ਸੀਮਤ ਹੈ, ਸਮੁੱਚੀਆਂ ਮਹਾਮਾਰੀਆਂ ਤੋਂ ਬਚਾਅ ਦੀ ਚਰਚਾ ਨਹੀਂ ਹੁੰਦੀ।

# ਕੋਰੋਨਾ ਉੱਤੇ ਪੂਰੀ ਤਰ੍ਹਾਂ ਰੋਕ ਕਦੋਂ ਤੇ ਕਿਵੇਂ ਲੱਗੇਗੀ

ਵਿਮਲ ਵਧਾਵਨ, ਐਡਵੋਕੇਟ
ਸੁਪਰੀਮ ਕੋਰਟ



ਕੋਰੋਨਾ ਦੀ ਮਹਾਮਾਰੀ ਨੇ ਵਿਸ਼ਵ ਦੇ ਲਗਭਗ ਸਾਰੇ ਦੇਸ਼ਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਇਸ ਦਾ ਜਨਮ ਸਥਾਨ ਚੀਨ ਹੈ, ਇਸ ਲਈ ਕੁਝ ਲੋਕ ਇਸ ਨੂੰ ਚੀਨੀ ਵਾਇਰਸ ਵੀ ਕਹਿੰਦੇ ਹਨ। ਅਜੇ ਤੱਕ ਵਿਸ਼ਵ ਦੇ ਵਿਗਿਆਨੀਆਂ ਵਿੱਚ ਇਹ ਸਪੱਸ਼ਟ ਧਾਰਨਾ ਨਹੀਂ ਬਣ ਸਕੀ ਕਿ ਕੋਰੋਨਾ ਅਸਲ ਵਿੱਚ ਜੈਵਿਕ ਹਥਿਆਰ ਹੈ ਜਾਂ ਨਹੀਂ, ਪਰ ਚੀਨ ਹਮੇਸ਼ਾ ਸ਼ੱਕ ਦੇ ਕਟਹਿਰੇ ਵਿੱਚ ਖੜ੍ਹਾ ਰਹੇਗਾ। ਚੀਨੀਆਂ ਨੇ ਚਮਗਿੱਦੜ ਖਾਣੇ ਸਾਲ 2019 ਦੇ ਅੰਤ ਵਿੱਚ ਸ਼ੁਰੂ ਨਹੀਂ ਕੀਤੇ। ਉਹ ਸਦੀਆਂ ਤੋਂ ਚਮਗਿੱਦੜਾਂ ਤੋਂ ਵੀ ਵੱਧ ਜ਼ਹਿਰੀਲੇ ਜੀਵ ਖਾਂਦੇ ਰਹੇ ਹਨ, ਇਸ ਲਈ ਕੋਰੋਨਾ ਵਾਇਰਸ ਦਾ ਚਮਗਿੱਦੜਾਂ ਤੋਂ ਪੈਦਾ ਹੋਣਾ ਸਮਝ ਤੋਂ ਪਰ੍ਹੇ ਹੈ। ਸ਼ੱਕ ਤਾਂ ਜਾਂਦਾ ਹੈ ਕਿ ਕੋਰੋਨਾ ਨਾਂਅ ਦਾ ਕੋਈ ਜੈਵਿਕ ਪਦਾਰਥ ਤਿਆਰ ਕੀਤਾ ਜਾ ਰਿਹਾ ਸੀ, ਜਿਹੜਾ ਬੇਸ਼ਕ ਗਲਤੀ ਨਾਲ ਲੈਬਾਰਟਰੀ ਵਿੱਚੋਂ ਬਾਹਰ ਆ ਗਿਆ। ਚੀਨ ਦਾ ਕੁਝ ਨਾ ਕੁਝ ਲੁਕਿਆ ਹੋਇਆ ਏਜੰਡਾ ਵੀ ਹੋਵੇਗਾ, ਇਸ ਲਈ ਜਦੋਂ ਤੱਕ ਉਸ ਦੇ ਇੱਕ ਵੱਡੇ ਸ਼ਹਿਰ ਵਿੱਚ ਵੱਡੀ ਮਹਾਮਾਰੀ ਵਾਂਗ ਇਹ ਵਾਇਰਸ ਫੈਲ ਨਹੀਂ ਗਿਆ ਤੇ ਜਦੋਂ ਤੱਕ ਉਸ ਸ਼ਹਿਰ ਵਿੱਚੋਂ ਇਹ ਵਾਇਰਸ ਚੀਨ ਦੇ ਦੋਸਤ ਦੇਸ਼ਾਂ ਇਟਲੀ ਤੇ ਉਸ ਤੋਂ ਬਾਅਦ ਹੋਰ ਪੱਛਮੀ ਦੇਸ਼ਾਂ ਵਿੱਚ ਨਹੀਂ ਪਹੁੰਚ ਗਿਆ ਤਦ ਤੱਕ ਚੀਨ ਨੇ ਇਸ ਦੀ ਸੂਚਨਾ ਵਿਸ਼ਵ ਸਿਹਤ ਸੰਗਠਨ ਦੇ ਰਾਹੀਂ ਜਾਂ ਸਿੱਧੇ ਦੁਨੀਆ ਨੂੰ ਨਹੀਂ ਦਿੱਤੀ। ਚੀਨ ਤੋਂ ਪੈਦਾ ਹੋਈ ਇਸ ਮਹਾਮਾਰੀ ਦੇ ਪਿੱਛੇ ਰਾਜਨੀਤੀ ਵੀ ਸਪੱਸ਼ਟ ਦਿਖਾਈ ਦੇ ਰਹੀ ਹੈ।

ਚੀਨ ਤੇ ਅਮਰੀਕਾ ਦੇ ਆਪਸੀ ਟਕਰਾਅ ਨੂੰ ਕਿਸੇ ਨੂੰ ਦੱਸਣ ਦੀ ਲੋੜ ਨਹੀਂ। ਇਟਲੀ ਚੀਨ ਦਾ ਸਹਿਯੋਗੀ ਦੋਸਤ ਹੈ। ਇਟਲੀ ਨੇ ਚੀਨ ਨੂੰ ਕੌਮਾਂਤਰੀ ਵਨ ਰੋਡ, ਵਨ ਬੈਲਟ ਲਈ ਵੀ ਖੁੱਲ੍ਹਾ ਸਮਰਥਨ ਦਿੱਤਾ ਹੈ। ਪੱਛਮੀ ਦੇਸ਼ਾਂ ਨੇ ਇਟਲੀ ਨੂੰ ਕੋਰੋਨਾ ਵਾਇਰਸ ਦੇ ਵਿਰੁੱਧ ਲੜਨ ਵਿੱਚ ਸਹਿਯੋਗ ਦੇਣ ਤੋਂ ਵੀ ਇਨਕਾਰ ਕਰ ਦਿੱਤਾ। ਇਨ੍ਹਾਂ ਹਾਲਾਤ ਵਿੱਚ ਚੀਨ ਤੇ ਇਟਲੀ ਦੀ ਦੋਸਤੀ ਹੋਰ ਮਜ਼ਬੂਤ ਹੋਣ ਦੇ ਰਸਤੇ ਵਿੱਚ ਆਸਾਨੀ ਹੋ ਗਈ ਹੈ। ਚੀਨ ਨੇ ਇਟਲੀ ਨੂੰ ਮਹਾਮਾਰੀ ਨਾਲ ਲੜਨ ਲਈ ਕਈ ਤਰ੍ਹਾਂ ਦੀ ਮਦਦ ਦੇਣੀ ਸ਼ੁਰੂ ਕਰ ਦਿੱਤੀ। ਜਦੋਂ ਇਹ ਵਾਇਰਸ ਸ਼ੁਰੂ ਵਿੱਚ 73 ਦੇਸ਼ਾਂ ਤੱਕ ਫੈਲ ਚੁੱਕਾ ਸੀ, ਉਸ ਸਮੇਂ ਮਿਲੀ ਇੱਕ ਜਾਣਕਾਰੀ ਅਨੁਸਾਰ ਚੀਨ ਤੋਂ ਇਹ ਵਾਰਿਸ 27 ਦੇਸ਼ਾਂ ਵਿੱਚ ਗਿਆ ਸੀ, ਬਾਕੀ 46 ਦੇਸ਼ਾਂ ਵਿੱਚ ਇਹ ਇਟਲੀ ਤੋਂ ਪਹੁੰ-ਚਿਆ ਸੀ। ਇਸ ਤਰ੍ਹਾਂ ਰਾਜਨੀਤਕ ਧੜੇਬੰਦੀ ਵੀ ਕੋਰੋਨਾ ਵਾਇਰਸ ਦੇ ਨਾਲ ਮਜ਼ਬੂਤ ਹੁੰਦੀ ਜਾ ਰਹੀ ਹੈ। ਜਿਸ ਤਰ੍ਹਾਂ ਫਿਰਕੂ ਦੰਗਿਆਂ ਵਿੱਚ ਸਥਾਨਕ ਪੱਧਰ 'ਤੇ ਸੈਂਕੜੇ ਲੋਕਾਂ ਨੂੰ ਮਰਵਾਉਣ ਦੀ ਸਾਜ਼ਿਸ ਸਫਲ ਹੁੰਦੀ ਦੇਖੀ ਗਈ ਹੈ, ਉਸੇ ਤਰ੍ਹਾਂ ਇਸ ਵਾਰ ਕੌਮਾਂਤਰੀ ਰਾਜਨੀਤੀ ਲੱਖਾਂ ਵਿਅਕਤੀਆਂ ਨੂੰ ਮਰਵਾਉਂਦੀ ਦਿਖਾਈ ਦੇ ਰਹੀ ਹੈ।

ਕੋਰੋਨਾ ਮਹਾਮਾਰੀ ਦੇ ਵਧਦੇ ਕਹਿਰ ਨੂੰ ਦੇਖ ਕ ਪ੍ਰਸ਼ਨ ਇਹ ਉਠਦਾ ਹੈ ਕਿ ਇਸ 'ਤੇ ਪੂਰੀ ਰੋਕ ਕਦੋਂ ਅਤੇ ਕਿਵੇਂ ਲੱਗੇਗੀ? ਜਿਵੇਂ ਕੋਰੋਨਾ ਦੀ ਉਤਪਤੀ ਕਾਰਨ ਕੌਮਾਂਤਰੀ ਰਾਜਨੀਤੀ ਹੈ, ਉਸੇ ਤਰ੍ਹਾਂ ਇਸ ਦੇ ਪ੍ਰਚਾਰ ਦਾ ਕਾਰਨ ਕੌਮਾਂਤਰੀ ਵਪਾਰ ਹੈ। ਕੋਰੋਨਾ ਦਾ ਪ੍ਰਸਾਰ ਤੱਦ ਤੱਕ ਚੱਲੇਗਾ ਜਦੋਂ ਇਸ ਦੀ ਵੈਕਸੀਨ ਬਣ ਕੇ ਬਾਜ਼ਾਰ ਵਿੱਚ ਨਹੀਂ ਆਉਂਦੀ। ਇਸ ਵੈਕਸੀਨ ਨੂੰ ਬਣਾਉਣ ਵਿੱਚ ਅਮਰੀਕਾ ਤੇ ਚੀਨ ਦੋਵੇਂ ਜੰਗੀ ਪੱਧਰ 'ਤੇ ਲੱਗੇ ਹੋਏ ਹਨ। ਦੋਵਾਂ ਨੂੰ ਸਾਰੀ ਦੁਨੀਆ ਬਾਜ਼ਾਰ ਵਾਂਗ ਦਿਖਾਈ ਦੇਂਦੀ ਹੈ। ਇਸ ਮਹਾਮਾਰੀ ਦੇ ਕਾਰਨ ਵਧਦੇ ਹੋਏ ਡਰ ਨੂੰ ਵੈਕਸੀਨ ਆਉਣ ਤੋਂ ਪਹਿਲਾਂ ਸਿਰਫ ਤੇ ਸਿਰਫ ਇੱਕ ਇਸ਼ਤਿਹਾਰੀ ਸੁਝਾਅ ਸਮਝਿਆ ਜਾ ਰਿਹਾ ਹੈ। ਲਗਭਗ ਅੱਠ ਬਿਲੀਅਨ ਵਿਸ਼ਵ ਦੀ ਆਬਾਦੀ ਇਸ ਵੈਕਸੀਨ ਦੀ ਵਰਤੋਂ ਕਰਨ ਲਈ ਬਿਨਾਂ ਇਸ਼ਤਿਹਾਰ ਦੇ ਗਾਹਕ ਵਜੋਂ ਖੜ੍ਹੀ ਹੋਵੇਗੀ। ਕਿਸੇ ਵਪਾਰ ਲਈ ਏਦੂੰ ਵੱਧ ਸਸਤਾ ਇਸ਼ਤਿਹਾਰ ਕਿੱਥੇ ਮਿਲ ਸਕਦਾ ਸੀ। ਇਸ ਦੇ ਸਭ ਤੋਂ ਵੱਡੇ ਸੌਦਾਗਰ ਹੋਣਗੇ ਅਮਰੀਕਾ ਤੇ ਚੀਨ। ਇਸ ਤਰ੍ਹਾਂ ਸੰਸਾਰ ਰਾਜਨੀਤੀ ਤੇ ਕੌਮਾਂਤਰੀ ਵਪਾਰਕ ਭਾਈਚਾਰਕ ਸ਼ਕਤੀਆਂ ਦੀ ਤਰ੍ਹਾਂ ਸਾਧਾਰਨ ਜਨਤਾ ਦੀ ਜ਼ਿੰਦਗੀ ਨਾਲ ਖੇਡ ਰਹੀਆਂ ਹਨ। ਕੋਰੋਨਾ ਮਹਾਮਾਰੀ ਨਾਲ ਸਾਰੇ ਦੇਸ਼ ਲੜਦੇ ਹੋਏ ਨਜ਼ਰ ਆ ਰਹੇ ਹਨ। ਇਸ ਲੜਾਈ ਵਿੱਚ ਇੱਕ ਰਸਤਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਭ ਤੋਂ ਪਹਿਲਾਂ ਚੁਣਿਆ, ਜਦੋਂ ਉਨ੍ਹਾਂ ਨੇ ਸਾਰੇ ਦੇਸ਼ ਵਿੱਚ ਪੂਰੀ ਤਰ੍ਹਾਂ ਲਾਕਡਾਊਨ ਦਾ ਐਲਾਨ ਕਰਦੇ ਹੋਏ ਕਿਹਾ ਕਿ ਇੱਕ ਦੇਸ਼ ਵਾਸੀ ਨੂੰ ਬਚਾਉਣਾ ਹੈ। ਉਹ ਇਸ ਤੱਥ ਤੋਂ ਅਣਜਾਣ ਨਹੀਂ ਕਿ ਲਾਕਡਾਊਨ ਦੇ ਕਾਰਨ ਦੇਸ਼ ਦੀ ਪੂਰੀ ਅਰਥ ਵਿਵਸਥਾ ਗੋਡਿਆਂ ਭਾਰ ਡਿੱਗ ਪਵੇਗੀ। ਵਪਾਰ, ਫੈਕਟਰੀਆਂ, ਸਰਕਾਰੀ ਤੰਤਰ ਪੂਰੀ ਤਰ੍ਹਾਂ ਠੱਪ ਹੋ ਚੁੱਕਾ ਹੈ। ਜਿਵੇਂ ਭਾਰਤ ਦੇ ਆਮ ਨਾਗਰਿਕ ਨੂੰ ਰੋਜ਼ਾਨਾ ਕਮਾਈ ਤੋਂ ਵਾਂਝੇ ਹੋਣਾ ਪਿਆ, ਉਸੇ ਤਰ੍ਹਾਂ ਸਰਕਾਰ ਦੀ ਕਮਾਈ ਵੀ ਠੱਪ ਹੈ। ਇਸ ਦੇ ਬਾਵਜੂਦ ਸਰਕਾਰ ਨੇ ਆਪਣੇ ਖਜ਼ਾਨੇ ਗਰੀਬ ਨਾਗਰਿਕਾਂ ਦੇ ਭਲੇ ਲਈ ਪੂਰੀ ਤਰ੍ਹਾਂ ਖੋਲ੍ਹ ਦਿੱਤੇ ਹਨ। ਸਰਕਾਰ ਨੇ ਹੀ ਕੀ, ਭਾਰਤ ਦੇ ਅਮੀਰ ਨਾਗਰਿਕਾਂ ਨੇ ਵੀ ਹਜ਼ਾਰਾਂ, ਲੱਖਾਂ ਤੋਂ ਲੈ ਕੇ ਕਰੋੜਾਂ ਰੁਪਏ ਤੱਕ ਦਾਨ ਦੇਣੇ ਸ਼ੁਰੂ ਕਰ ਦਿੱਤੇ ਹਨ। ਜਗ੍ਹਾ ਜਗ੍ਹਾ ਫਰੀ ਰਾਸ਼ਨ ਵੰਡਣ ਦੇ ਕੰਮ ਦਿਖਾਈ ਦੇਂਦੇ ਹਨ। ਭਾਰਤ ਦਾ ਇਹ ਦ੍ਰਿਸ਼ ਪੁਰਾਣੀ ਸਭਿਅਤਾ ਦਾ ਦਰਸ਼ਨ ਕਰਵਾਉਂਦਾ ਹੈ, ਜਿਸ ਵਿੱਚ ਅਰਥ ਵਿਵਸਥਾ ਤੋਂ ਵੱਧ ਮਹੱਤਵ ਪੂਰਨ ਹੈ ਮਾਨਵਤਾਵਾਦੀ। ਇਸ ਸਭਿਅਤਾ ਵਿੱਚ ਘਰ ਦੇ ਸਭ ਤੋਂ ਬਜ਼ੁਰਗ ਵਿਅਕਤੀ ਦੇ ਰੋਗ 'ਤੇ ਵੀ ਖੁੱਲ੍ਹ ਕੇ ਪੈਸਾ ਲਾਇਆ ਜਾਂਦਾ ਹੈ ਤਾਂ ਕਿ ਉਹ ਕੁਝ ਹੋਰ ਦਿਨ ਜੀਅ ਕੇ ਬੱਚਿਆਂ ਨੂੰ ਅਸ਼ੀਰਵਾਦ ਦਿੰਦੇ ਰਹਿਣ। ਸਾਡੀ ਸਭਿਅਤਾ ਵਿੱਚ ਮੰ-ਨਿਆ ਜਾਂਦਾ ਹੈ ਕਿ ਬਜ਼ੁਰਗ ਕੁਝ ਕੰਮ ਨਾ ਵੀ ਕਰਨ ਤਾਂ ਉਨ੍ਹਾਂ ਦੀ ਹਾਜ਼ਰੀ ਤੇ ਉਨ੍ਹਾਂ ਦਾ ਅਸ਼ੀਰਵਾਦ ਹੀ ਪਰਵਾਰ ਦੀ ਸੁੱਖ-ਸ਼ਾਂਤੀ ਲਈ ਬਹੁਤ ਮਹੱਤਵ ਪੂਰਨ ਹੁੰਦਾ ਹੈ। ਪ੍ਰਧਾਨ ਮੰਤਰੀ ਮੋਦੀ ਜਦੋਂ ਵੀ ਦੇਸ਼ ਨੂੰ ਸੰਬੋਧਨ ਕਰਦੇ ਹਨ, ਉਨ੍ਹਾਂ ਦੇ ਚਿਹਰੇ 'ਤੇ ਕੋਰੋਨਾ ਮਹਾਮਾਰੀ ਦਾ ਦਰਦ ਅਜਿਹਾ ਝਲਕਦਾ ਹੈ, ਜਿਵੇਂ ਉਹ ਖੁਦ ਨਿੱਜੀ ਤੌਰ 'ਤੇ ਪੀੜਤ ਹੋਣ। ਉਹ ਹੱਥ ਜੋੜ ਕੇ ਭਾਰਤ ਦੀ ਜਨਤਾ ਨੂੰ ਏਦਾਂ ਬੇਨਤੀ ਕਰਦੇ ਹਨ, ਜਿਵੇਂ ਕਿਸੇ ਪਰਵਾਰ ਦਾ ਸਪੁੱਤਰ ਆਪਣੇ ਰੋਗੀ ਪਰਵਾਰ ਦੀ ਰੱਖਿਆ ਦੀ ਭੀਖ ਮੰਗਦਾ ਹੋਵੇ। ਇਹ ਸਭ ਕੁਝ ਸੁਭਾਵਿਕ ਰੂਪ ਨਾਲ ਭਾਰਤ ਦੀ ਮਾਨਵਤਾਵਾਦੀ, ਧਾਰਮਿਕ ਤੇ ਅਧਿਆਤਮਕ ਸੰਸਕ੍ਰਿਤੀ ਦਾ ਚਿੱਤਰ ਹੈ, ਜਿਸ ਨੂੰ ਪੁਰਾਣੀ ਸਭਿਅਤਾ ਕਿਹਾ ਜਾਂਦਾ ਹੈ, ਜਿੱਥੇ ਮਨੁੱਖ ਨੂੰ ਅਰਥ ਵਿਵਸਥਾ ਤੋਂ ਵੱਧ ਮਹੱਤਵਪੂਰਨ ਮੰਨਿਆ ਜਾਂਦਾ ਹੈ।

ਪੱਛਮੀ ਦੇਸ਼ ਵੀ ਕੋਰੋਨਾ ਵਾਇਰਸ ਦੇ ਵਿਰੁੱਧ ਪੂਰੀ ਤਰ੍ਹਾਂ ਸੰਘਰਸ਼ ਕਰ ਰਹੇ ਹਨ, ਪਰ ਉਹ ਆਪਣੇ ਵਿਅਕਤੀਆਂ ਨੂੰ ਬਚਾਉਣ ਲਈ ਲੰਬਾ ਆਰਥਿਕ ਨੁਕਸਾਨ ਸਹਿਣ ਨੂੰ ਤਿਆਰ ਨਹੀਂ ਹਨ। ਇਸ ਲਈ ਬਹੁਤ ਸਾਰੇ ਦੇਸ਼ਾਂ ਵਿੱਚ ਸੰਪੂਰਨ ਲਾਕਡਾਊਨ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਦੀ ਸੋਚ ਹੈ ਕਿ ਕਿਸੇ ਦੇਸ਼ ਦੀ ਆਬਾਦੀ ਵਿੱਚੋਂ ਜੇ ਕੁਝ ਲੱਖ ਵਿਅਕਤੀ ਮਰ ਵੀ ਜਾਣ ਤਾਂ ਸ਼ਾਇਦ ਇੰਨਾ ਨੁਕਸਾਨ ਨਹੀਂ ਹੋਵ-ੇਗਾ, ਪਰ ਜੇ ਅਰਥ ਵਿਵਸਥਾ ਠੱਪ ਹੋ ਗਈ ਤਾਂ ਉਸ ਨੂੰ ਚੁੱਕਣਾ ਮੁਸ਼ਕਲ ਹੋ ਸਕਦਾ ਹੈ। ਇਹ ਪੱਛਮੀ ਸਭਿਅਤਾ ਹੈ, ਜਿੱਥੇ ਮਨੁੱਖ ਤੋਂ ਅਰਥ ਵਿਵਸਥਾ ਨੂੰ ਵੱਧ ਮਹੱਤਵ ਪੂਰਨ ਮੰਨਿਆ ਜਾਂਦਾ ਹੈ।

ਕੌਮਾਂਤਰੀ ਰਾਜਨੀਤੀ ਤੇ ਵਪਾਰ ਦੀ ਦੇਣ ਦੇ ਰੂਪ ਵਿੱਚ ਕੋਰੋਨਾ ਵਾਇਰਸ ਇੱਕ ਵਿਸ਼ਵ ਪੱਧਰੀ ਮਹਾਮਾਰੀ ਹੈ ਤੇ ਪ੍ਰਾਚੀਨਕਾਲ ਵਿੱਚ ਰਿਸ਼ੀਆਂ-ਮੁਨੀਆਂ ਦੀ ਤਪੱਸਿਆ ਅਤੇ ਯੱਗਾਂ ਵਿੱਚ ਅੜਿੱਕਾ ਪਾਉਂਦੇ ਸਨ, ਪਰ ਇਹ ਵੀ ਸੱਚ ਹੈ ਕਿ ਜਿਸ ਤਰ੍ਹਾਂ ਉਨ੍ਹਾਂ ਰਾਖਸ਼ਾਂ ਦਾ ਅੰਤ ਰਾਮ ਤੇ ਕ੍ਰਿਸ਼ਨ ਵਰਗੇ ਮਹਾਪੁਰਸ਼ਾਂ ਨੇ ਕਰ ਦਿਖਾਇਆ ਸੀ, ਉਸੇ ਤਰ੍ਹਾਂ ਇਸ ਕੋਰੋਨਾ ਰੂਪੀ ਰਾਖਸ਼ਸ ਦਾ ਅੰਤ ਕਰਨ ਲਈ ਸਾਡੀ ਪੁਰਾਣੀ ਸਭਿਅਤਾ 'ਤੇ ਆਧਾਰਤ ਭਾਰਤ ਦੀ ਕੁਦਰਤੀ ਜੀਵਸ਼ੈਲੀ ਸਮਰੱਥ ਹੈ। ਭਾਰਤ ਸਰਕਾਰ ਮਾਸਕ ਦੀ ਵਰਤੋਂ ਕਰਨ, ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਹੱਥ ਧੋਣ, ਘਰ ਵਿੱਚੋਂ ਬਾਹਰ ਨਿਕਲਣ ਤੋਂ ਬਾਅਦ ਲੋਕਾਂ ਨਾਲ ਦੂਰੀ ਨਾਲ ਗੱਲ ਕਰਨ ਆਦਿ ਬਾਰੇ ਕਾਫੀ ਪ੍ਰਚਾਰ ਕਰ ਰਹੀ ਹੈ, ਪਰ ਮੇਰਾ ਵਿਚਾਰ ਹੈ ਕਿ ਕੋਰੋਨਾ ਵਾਇਰਸ ਜੇ ਸਾਡੇ ਸਰੀਰ ਵਿੱਚ ਆ ਵੀ ਜਾਵੇ ਤਾਂ ਡਰਨ ਦੀ ਲੋੜ ਨਹੀਂ ਹੈ। ਸਰਕਾਰੀ ਐਡਵਾਇਜ਼ਰੀ ਦੀ ਪਾਲਣਾ ਬੇਹੱਦ ਜ਼ਰੂਰੀ ਹੈ, ਜਿਸ ਨਾਲ ਸਾਡੇ ਸਰੀਰ ਵਿੱਚ ਆਇਆ ਕੋਰੋਨਾ ਦੂਜਿਆਂ ਤੱਕ ਨਾ ਜਾਵੇ। ਆਪਣੇ ਸਰੀਰ ਵਿੱਚ ਕੋਰੋਨਾ ਨੂੰ ਬੇਅਸਰ ਕਰਨ ਲਈ ਦਿਨ ਵਿੱਚ ਇੱਕ ਜਾਂ ਦੋ ਵਾਰ ਇੱਕ-ਇੱਕ ਕੱਪ ਪੂਰਾ ਗਰਮ ਪਾਣੀ ਪੀਣਾ ਚਾਹੀਦਾ ਹੈ। ਕੋਰੋਨਾ ਲਗਭਗ ਤਿੰਨ-ਚਾਰ ਦਿਨ ਗਲੇ ਦੇ ਖੇਤਰ ਵਿੱਚ ਰਹਿੰਦਾ ਹੈ। ਗਰਮ ਪਾਣੀ ਦੇ ਪ੍ਰਭਾਵ ਨਾਲ ਇਹ ਤੁਰੰਤ ਸਰੀਰ ਤੋਂ ਨਿਕਲ ਸਕਦਾ ਹੈ। ਖੰਘ, ਗਲੇ ਵਿੱਚ ਖਰਾਸ਼ ਤੇ ਬੁਖਾਰ ਆਦਿ ਜਾਂ ਸਾਹ ਲੈਣ ਵਿੱਚ ਤਕਲੀਫ ਇਸ ਵਾਇਰਸ ਦੇ ਪ੍ਰਭਾਵ ਦੀ ਪਛਾਣ ਹੈ। ਅਜਿਹੇ ਹਾਲਾਤ ਵਿੱਚ ਤਿੰਨ ਦਿਨ ਪੱਕੇ ਭੋਜਨ ਦਾ ਤਿਆਗ ਕਰ ਕੇ ਪਹਿਲੇ ਦੋ ਦਿਨ ਪੰਜ ਤੋਂ ਸੱਤ ਗਲਾਸ ਮੌਸੱਮੀ ਦਾ ਜੂਸ ਅਤੇ ਪੰਜ ਤੋਂ ਸੱਤ ਗਲਾਸ ਤਾਜ਼ਾ ਨਾਰੀਅਲ ਪਾਣੀ ਪੀਓ ਤੇ ਤੀਜੇ ਦਿਨ ਇਸ ਦੀ ਮਾਤਰਾ ਅੱਧੀ ਕਰ ਦਿਓ ਅਰਥਾਤ ਤਿੰਨ ਗਲਾਸ ਮੌਸੱਮੀ ਜੂਸ ਤੇ ਤਿੰਨ ਗਲਾਸ ਨਾਰੀਅਲ ਪਾਣੀ ਨਾਲ ਖੀਰਾ, ਟਮਾਟਰ, ਮੂਲੀ, ਗਾਜ਼ਰ, ਸ਼ਿਮਲਾ ਮਿਰਚ, ਪਿਆਜ਼ ਵਰਗੇ ਸਲਾਦ ਖਾਓ। ਤਿੰਨ ਦਿਨ ਵਿੱਚ ਕੋਰੋਨਾ ਦੇ ਅਸਰ ਨੂੰ ਖਤਮ ਕੀਤਾ ਜਾ ਸਕਦਾ ਹੈ। ਮੈਨੂੰ ਪੂਰਾ ਭਰੋਸਾ ਹੈ ਕਿ ਭਾਰਤ ਵਾਸੀਆਂ ਦੇ ਸਹਿਯੋਗ ਤੇ ਸਮਰਥਨ ਨਾਲ ਸਾਡੀਆਂ ਸਰਕਾਰਾਂ ਕੋਰੋਨਾ ਵਿਰੁੱਧ ਸੰਘਰਸ਼ ਵਿੱਚ ਇਹ ਸਿੱਧ ਕਰ ਦੇਣਗੀਆਂ ਕਿ ਅਸੀਂ ਭਾਰਤ ਵਿੱਚ ਮਨੁੱਖਤਾ ਨੂੰ ਬਚਾਉਣ ਲਈ ਕੰਮ ਕੀਤਾ ਹੈ। ਅਰਥ ਵਿਵਸਥਾ ਦਾ ਨੁਕਸਾਨ ਤਾਂ ਸਾਡੇ ਸੂਰਵੀਰ ਭਾਰਤੀ ਬਾਅਦ ਵਿੱਚ ਆਪਣੇ ਆਪ ਪੂਰਾ ਕਰ ਹੀ ਲੈਣਗੇ।

ਮਿੰਨੀ ਕਹਾਣੀ

## ਪ੍ਰਵਾਨ

-ਸੁਰਿੰਦਰ ਮਾਣੂੰਕੇ ਗਿੱਲ

ਪਿਛਲੇ ਕਾਫੀ ਦਿਨਾਂ ਤੋਂ ਬਿਮਾਰ ਬਿਸ਼ਨੇ ਬਾਬੇ ਦੀ ਤਬੀਅਤ ਅੱਜ ਵੱਧ ਖਰਾਬ ਹੋ ਗਈ ਸੀ। ਉਸ ਨੇ ਘਬਰਾਹਟ ਵਿੱਚ ਕਾਫੀ ਰਿਸ਼ਤੇਦਾਰਾਂ ਨੂੰ ਬੁਲਾ ਲਿਆ, ਉਹ ਸਾਰਿਆਂ ਨੂੰ ਕਹਿ ਰਿਹਾ ਸੀ ਕਿ ਉਹ ਅੱਜ ਨਹੀਂ ਬਚਦਾ, ਉਸ ਨੂੰ ਕਿਸੇ ਚੰਗੇ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਜਾਵੇ। ਸਾਰੇ ਰਿਸ਼ਤੇਦਾਰ ਘੁਸਰ ਮੁਸਰ ਕਰਨ ਲੱਗੇ। ਕੋਈ ਕਹਿ ਰਿਹਾ ਸੀ ਕਿ ਆਹ ਹਸਪਤਾਲ ਚੰਗਾ ਹੈ। ਕੋਈ ਕਿਸੇ ਹੋਰ ਦਾ ਨਾਂਅ ਲੈ ਰਿਹਾ ਸੀ। ਇੱਕ ਸਿਆਣੇ ਰਿਸ਼ਤੇਦਾਰ ਨੇ ਕਿਹਾ ਕਿ ਇਸ ਦੇ ਮੁੰਡੇ ਨੂੰ ਫੋਨ ਕਰ ਦਿੱਓ। ਕੱਲ੍ਹ ਨੂੰ ਇਹ ਨਾ ਹੋਵੇ ਕਿ ਬਾਬੇ ਨੂੰ ਕੁਝ ਹੋ ਜਾਵੇ। ਮੁੰਡੇ ਨੇ ਆਪਣਾ ਖਹਿੜਾ ਨਹੀਂ ਛੱਡਣਾ, ਉਹ ਬਾਬੇ ਨੂੰ ਮਾਰਨ ਤੱਕ ਦੇ ਵੀ ਦੋਸ਼ ਲਾਏਗਾ। ਸਾਰਿਆਂ ਨੇ ਇਸ ਗੱਲ ਨਾਲ ਸਹਿਮਤ ਹੋ ਕੇ ਮੁੰਡੇ ਨੂੰ ਫੋਨ ਕਰ ਦਿੱਤਾ, ਉਸ ਨੇ ਫੋਨ ਸੁਣਨ ਸਾਰ ਕਿਹਾ, ''ਤੁਸੀਂ ਫਿਕਰ ਨਾ ਕਰੋ, ਮੈਂ ਅੱਜ ਹੀ ਚੰਡੀਗੜ੍ਹ ਦੇ ਚੰਗੇ ਹਸਪਤਾਲ ਦਾ ਪਤਾ ਕਰਦਾ ਹਾਂ।''

ਸਾਰਿਆਂ ਨੇ ਸੁੱਖ ਦਾ ਸਾਹ ਲਿਆ ਕਿ ਚਲੋ ਜੇ ਉਂਝ ਨਹੀਂ ਪੁੱਛਦਾ, ਘੱਟੋ-ਘੱਟ ਮੁਸੀਬਤ ਵਿੱਚ ਤਾਂ ਕੰਮ ਆਇਆ। ਥੋੜ੍ਹੀ ਦੇਰ ਬਾਅਦ ਮੁੰਡੇ ਦਾ ਫੋਨ ਆਇਆ, ਉਹ ਕਹਿਣ ਲੱਗਾ, ''ਇੰਝ ਕਰੋ ਪਾਪਾ ਨੂੰ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਵਿੱਚ ਦਾਖਲ ਕਰਵਾ ਦਿਓ। ਮੈਂ ਆਉਂਦਾ ਹਾਂ।''

ਸਾਰੇ ਕਹਿਣ ਲੱਗੇ ਕਿ ''ਸਿਵਲ ਹਸਪਤਾਲ ਵਿੱਚਤਾਂ ਕੋਈ ਗਰੀਬ ਹੀ...।''

ਨਾ ਚਾਹੁੰਦੇ ਹੋਏ ਵੀ ਬਾਬੇ ਨੂੰ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਵਿੱਚ ਦਾਖਲ ਕਰਵਾ ਦਿੱਤਾ। ਉਥੇ ਤੈਨਾਤ ਇੱਕ ਡਾਕਟਰ ਨੇ ਬਾਬੇ ਦੀ ਚੰਗੀ ਦਿੱਖ ਤੇ ਕੱਪੜਿਆਂ ਨੂੰ ਵੇਖਦਿਆਂ ਕਿਹਾ, ''ਬਾਬਾ ਜੀ ਘਰੋਂ ਤਾਂ ਚੰਗੇ ਲੱਗਦੇ ਹੋ, ਇਥੇ ਕਿਉਂ...? ਕੀ ਕੰਮਕਾਰ ਹੈ?''

ਬਾਬੇ ਦੇ ਮੂੰਹੋਂ ਅਫਸਰਡ ਰਿਟਾਇਰ ਹੋਣ ਦੀ ਗੱਲ ਸੁਣ ਕੇ ਡਾਕਟਰ ਨੇ ਹੈਰਾਨੀ ਪ੍ਰਗਟ ਨਾਲ ਪੁੱਛਿਆ, ''ਤੁਹਾਡਾ ਮੁੰਡਾ ਕੀ ਕੰਮ ਕਰਦਾ ਹੈ?''

ਬਾਬੇ ਨੇ ਕੰਬਦੀ ਆਵਾਜ਼ ਵਿੱਚ ਕਿਹਾ, ''ਮੇਰਾ ਮੰਡਾ ਜੀ ਪ...ਪ।''

''ਅੱਛਾ ਮੈਂ ਸਮਝ ਗਿਆ, ਮੁੰਡਾ ਪੂਰਾ ਹੋ ਗਿਆ। ਚਲੋ ਰੱਬ ਦਾ ਭਾਣਾ ਹੈ। ਮੈਂ ਵੀ ਤੁਹਾਡੇ ਬੇਟੇ ਵਾਂਗ ਹਾਂ, ਤੁਹਾਨੂੰ ਬਿਲਕੁਲ ਠੀਕ ਕਰ ਦੇਵਾਂਗਾ।'' ਬਾਬੇ ਨੇ ਡਾਕਟਰ ਦੀ ਘੁੱਟ ਕੇ ਬਾਂਹ ਫੜ ਲਈ ਸੀ। ਉਸ ਨੂੰ ਲੱਗਿਆ ਜਿਵੇਂ ਉਸ ਦੇ ਮੂੰਹ ਵਿੱਚੋਂ ਪ੍ਰੋਫੈਸਰ ਦੀ ਬਜਾਏ 'ਪ...ਪ' ਨਿਕਲਿਆ ਹੀ ਪ੍ਰਵਾਨ ਹੋ ਗਿਆ ਸੀ।

IFS INTERSTATE FREIGHT SYSTEMS INC.

A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario
ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators
for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ


Please send resume at:
safety@interstatefreightsystems.com
Call: 416-452-0677

IFS

## ਗੁਰਦੁਆਰਾ ਪੰਜਵੀਂ ਪਾਤਿਸ਼ਾਹੀ, ਬਹਿੜਵਾਲ, ਜ਼ਿਲਾ ਕਸੂਰ



ਬਹਿੜਵਾਲ ਨਾਂ ਦਾ ਇਹ ਪਿੰਡ ਲਾਹੌਰ ਤੋਂ ਮੁਲਤਾਨ ਜਾਣ ਵਾਲੀ ਸੜਕ ਉੱਪਰ ਜੰਬਰ ਅਤੇ ਪੱਤੋਕੀ ਵਿਚਾਲੇ ਹੈ । ਇਸ ਪਿੰਡ ਨੂੰ ਜਾਣ ਵਾਸਤੇ ਭੋਣੀਕੇ ਮੋੜ ਉੱਤੇ ਉਤਰਨਾ ਪੈਂਦਾ ਹੈ । ਪਿੰਡ ਬਹੁਤ ਵੱਡਾ ਅਤੇ ਪੱਕਾ ਹੈ । ਇਸ ਪਿੰਡ ਵਿੱਚ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੰਬਰ ਤੋਂ ਉੱਠ ਕੇ ਆਏ ਸਨ। ਗ਼ਰਮੀ ਦਾ ਮੌਸਮ ਸੀ । ਗੁਰੂ ਸਾਹਿਬ ਨੇ ਇੱਥੋਂ ਦੇ ਹੇਮੇ ਚੌਧਰੀ ਤੋਂ ਜਲ ਛਕਣ ਲਈ ਮੰਗਿਆ । ਚੌਧਰੀ ਨੇ ਆਖਿਆ ਪਾਤਸ਼ਾਹ, ਇਹ ਜਲ ਤਾਂ ਖਾਰਾ ਹੈ। ਮੈਂ ਪਿੰਡ ਤੋਂ ਜਾ ਕੇ ਮਿੱਠਾ ਜਲ ਲਿਆਉਂਦਾ ਹਾਂ। ਤਾਂ ਗੁਰੂ ਜੀ ਨੇ ਵਚਨ ਕੀਤਾ "ਭਾਈ ਹੇਮੇ, ਇਹ ਜਲ ਤਾਂ ਮਿੱਠਾ ਹੈ। ਗੁਰੂ ਜੀ ਦਾ ਵਚਨ ਮੰਨ ਕੇ ਉਸ ਨੇ ਉਸੇ ਖੂਹ ਦਾ ਜਲ ਲੈ ਆਂਦਾ ਜੋ ਸਤਿਗੁਰੂ ਜੀ ਨੇ ਪੀਤਾ । ਇਸ ਤੋਂ ਪਿੱਛੋਂ ਜਦ ਹੇਮੇ ਅਤੇ ਪਿੰਡ ਦੇ ਲੋਕਾ ਨੇ ਜਲ ਪੀਤਾ ਤਾਂ ਮਿੱਠਾ ਜਲ ਹੋਣ ਕਾਰਨ ਸਭ ਆਨੰਦਤ ਹੋ ਗਏ। ਚੌਧਰੀ ਹੇਮੇ ਨੂੰ ਗੁਰੂ ਜੀ ਨੇ ਫਰਮਾਇਆ ਕਿ ਤੂੰ ਸਾਧ ਸੰਗਤ ਦੀ ਸੇਵਾ ਕਰਿਆ ਕਰ । ਤਦ ਚੌਧਰੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੇਰੇ ਪਾਸ ਨਾ ਤਾ ਧਨ ਹੈ ਅਤੇ ਨਾ ਹੀ ਮੇਰੇ ਘਰ ਔਰਤ ਹੈ । ਤਾ ਸਤਿਗੁਰਾਂ ਨੇ ਪੁੱਛਿਆ ਕਿ ਇਸ ਪਿੰਡ ਵਿੱਚ ਕੋਈ ਵਿਧਵਾ ਔਰਤ ਹੈ ? ਤਾ ਸੰਗਤ ਨੇ ਪਿੰਡ ਦੀ ਇੱਕ ਵਿਧਵਾ ਨੂੰ ਗੁਰੂ ਜੀ ਦੇ ਅੱਗੇ ਪੇਸ਼ ਕੀਤਾ । ਗੁਰੂ ਜੀ ਨੇ ਹੁਕਮ ਕੀਤਾ ਕਿ ਹੇ ਪੁਤਰੀ, ਚੌਧਰੀ ਹੇਮਾ ਤੇਰਾ ਸਰਤਾਜ ਹੈ । ਗੁਰੂ ਜੀ ਦਾ ਹੁਕਮ ਮੰਨ ਕੇ ਉਸ ਨੇ ਚੌਧਰੀ ਨੂੰ ਆਪਣਾ ਪਤੀ ਧਾਰਨ ਕਰ ਲਿਆ। ਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਵਰ ਦਿੱਤਾ ਜਿਸ ਤੋਂ ਉਸ ਦੇ ਘਰ ਔਲਾਦ ਹੋਈ । ਉਸ ਦੇ ਖਾਨਦਾਨ ਵਿੱਚ ਹੀਰਾ ਸਿੰਘ ਸੀ ਜੋ ਸੰਮਤ 1763 ਨੂੰ ਜਨਮਿਆ । ਸੰਮਤ 1788 ਵਿੱਚ ਅੰਮ੍ਰਿਤ ਛਕਿਆ ਅਤੇ ਨਕਾਇਨ ਮਿਸਲ ਦਾ ਪਹਿਲਾ ਵਾਰ ਹੋਇਆ । ਇਸ ਮਿਸਲ ਦੇ ਦੂਜੇ ਸਰਦਾਰ ਭਗਵਾਨ ਸਿੰਘ ਦੀ ਭੈਣ ਦਾਤਾਰ ਕੌਰ ਮਹਾਰਾਣੀ ਨਕਾਇਨ, ਮਹਾਰਾਜਾ ਰਣਜੀਤ ਸਿੰਘ ਦੀ ਪਟਰਾਣੀ ਹੋਈ । ਇਸ ਤੋਂ ਮਹਾਰਾਜ ਖੜਕ ਸਿੰਘ ਪੈਦਾ ਹੋਇਆ । ਇਸ ਮਿਸਲ ਦੇ ਇੱਕ ਸਰਦਾਰ ਈਸ਼ਰ ਸਿੰਘ ਨੇ ਇਸਲਾਮ ਕਬੂਲ ਕਰ ਲਿਆ ਅਤੇ ਮੁਸਲਮਾਨ ਹੋ ਗਿਆ । ਉਸ ਦਾ ਨਾਮ ਸਰਦਾਰ ਅਬਦੁਲ ਅਜ਼ੀਜ਼ ਰੱਖਿਆ ਗਿਆ । ਉਸ ਦੀ ਔਲਾਦ ਵਿੱਚੋ ਦਾਰ ਆਰਿਫ ਨਕਈ 1996 ਵਿੱਚ ਲਹਿੰਦੇ ਪੰਜਾਬ ਦਾ ਮੁੱਖ ਮੰਤਰੀ ਬਣਿਆ । ਪਿੰਡ ਵਿੱਚ ਜਿੱਥੇ ਸਤਿਗੁਰੂ ਜੀ ਨੇ ਜਲ ਛਕਿਆ ਤੇ ਖਾਰਾ ਮਿੱਠਾ ਕੀਤਾ, ਉੱਥੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ. ਅੱਜ ਕੱਲ ਇਥੇ ਯੂਨਿਅਨ ਕੌਸਲ ਦਾ ਦਫਤਰ ਹੈ । ਗੁਰਦੁਆਰਾ ਸਾਹਿਬ ਦੀ ਸੱਜੀ ਨੁੱਕਰ ਵਿੱਚ ਉਹ ਪਾਵਨ ਖੂਹ ਤੇ ਕਿੱਕਰ ਮੌਜੂਦ ਹੈ, ਜਿਸ ਹੇਠ ਗੁਰੂ ਜੀ ਬਿਰਾਜੇ ਤੇ ਖਾਰਾ ਮਿੱਠਾ ਕੀਤਾ ।



ਗੁਰਦੁਆਰਾ ਸਾਹਿਬ ਅੰਦਰ ਹੁਣ ਪ੍ਰਕਾਸ਼ ਨਹੀਂ ਹੁੰਦਾ । ਛੱਤਾ ਰਹਿ ਚੁੱਕੀਆ ਹਨ, ਬਰਬਾਦੀ ਦਾ ਸਮਾ ਹੈ । 39 ਘਮਾਉ ਜ਼ਮੀਨ ਮਾਈ ਬਿਸ਼ਨ ਕੌਰ ਵੱਲੋਂ ਤੇ ਸਾਢੇ ਤਿੰਨ ਘੁਮਾਉ ਜਮੀਨ ਇੱਕ ਹੋਰ ਪ੍ਰੇਮੀ ਵੱਲੋਂ ਹੈ । ਪੋਹ ਸੁਦੀ ਸੱਤਵੀ ਨੂੰ ਮੇਲਾ ਹੁੰਦਾ ਸੀ । ਗੁਰਦ-ਆਰੇ ਤੋਂ ਖੱਬੇ ਪਾਸੇ ਖੇਤਾਂ ਵਿੱਚ ਚੌਧਰੀ ਹੇਮਰਾਜ ਦੀ ਸਮਾਧ ਹੈ, ਜੋ ਇਸ ਪਿੰਡ ਦੇ ਇਤਿਹਾਸ ਦਾ ਇੱਕ ਸੁਨਹਿਰੀ ਪੰਨਾ ਹੈ।

## ਜਦ ਮੈਂ ਕਰਫਿਊ ਦੌਰਾਨ ਜਲੰਧਰੋਂ ਚਲ ਕੇ ਜਹਾਜ ਰਾਹੀਂ ਅਮਰੀਕਾ ਪਹੁੰਚਿਆ

ਕੋਵਿਡ -19 ਬਿਮਾਰੀ ਦੀ ਦਿਨੋਂ ਦਿਨ ਹੋ ਰਹੀ ਭਿਆਨਕ ਤਬਾਹੀ ਦੇ ਕਾਰਣ ਦੇਸ਼ ਵਿਦੇਸ਼ ਦੇ ਹਰ ਇਕ ਵਰਗ ਦੇ ਲੋਕਾਂ ਵਿਚ ਹਾਹਾਕਾਰ ਮਚੀ ਹੋਈ ਹੈ ਜਿਸ ਕਾਰਣ ਹਰ ਥਾਂ ਉਪਰ ਮੁਕੰਮਲ ਲੌਕ ਡਾਊਨ ਤੇ ਮੁਕੰਮਲ ਕਰਫਿਊ ਲਗਾ ਹੋਇਆ ਹੈ ਤਾਂ ਕਿ ਲੋਕਾਂ ਵਿਚ ਆਪਸੀ ਦੂਰੀ ਬਣਾ ਕੇ ਰਖਣ ਵਿਚ ਕਰੌਨਾ ਵਾਇਰਸ ਨਾਮ ਦੀ ਇਸ ਭਿਆਨਕ ਬਿਮਾਰੀ ਨੂੰ ਹੋਰ ਜਿਆਦਾ ਫੈਲਣ ਤੋਂ ਰੋਕਿਆ ਜਾ ਸਕੇ। ਅਜਿਹੀ ਸਥਿਤੀ ਵਿਚ ਅਮਰੀਕਾ ਸਰਕਾਰ ਨੇ ਨਵੀਂ ਦਿਲੀ ਅਮਰੀਕਨ ਦੂਤਾਵਾਸ ਦੇ ਰਾਹੀਂ ਭਾਰਤ ਖਾਸ ਤੌਰ ਤੇ ਪੰਜਾਬ ਵਿਚੋਂ ਆਪਣੇ ਨਾਗਰਿਕਾਂ ਨੂੰ ਵਾਪਸ ਲਿਆਉਣ ਲਈ ਯੋਗ ਪਰਬੰਧ ਕਰ ਦਿਤਾ ਤਾਂ ਕਿ ਜਿਹੜੇ ਅਮਰੀਕੀ ਨਾਗਰਿਕ ਭਾਰਤ ਵਿਚੋਂ ਆਪਣੇ ਆਪ ਨੂੰ ਫਸਿਆ ਹੋਇਆ ਮਹਿਸੂਸ ਕਰਦੇ ਹਨ ਤੇ ਉਹ ਹਰ ਹਾਲਤ ਵਿਚ ਅਮਰੀਕਾ ਆਪੋ ਆਪਣੇ ਘਰਾਂ ਨੂੰ ਵਾਪਸ ਆਉਣਾ ਚਾਹੁੰਦੇ ਹਨ ਉਹ ਅਮਰੀਕਨ ਸਰਕਾਰ ਵਲੋਂ ਉਹਨਾਂ ਨੂੰ ਵਾਪਸ ਲਿਆਉਣ ਦੇ ਪ੍ਰਬੰਧਾਂ ਦਾ ਫਾਇਦਾ ਲੈ ਸਕਣ॥ ਅਮਰੀਕਾ ਸਰਕਾਰ ਵਲੋਂ ਭਾਰਤ ਵਿਚ ਫਸੇ ਆਪਣੇ ਨਾਗਰਿਕਾਂ ਨੂੰ ਵਾਪਸ ਅਮਰੀਕਾ ਬੁਲਾਉਣ ਲਈ ਕੀਤੇ ਗਏ ਪਰਬੰਧਾਂ ਦਾ ਫਾਇਦਾ ਲੈਣ ਲਈ ਨਵੀਂ ਦਿਲੀ ਸਥਿਤ ਅਮਰੀਕਨ ਦੂਤਵਾਸ ਵਲੋਂ ਈ.ਮੇਲ ਰਾਹੀਂ ਮਿਲੇ ਇਕ ਸੁਨੇਹਾ ਅਨੁਸਾਰ ਮੈਂ 18 ਅਪਰੈਲ 2020 ਨੂੰ ਜਲੰਧਰ ਤੋ ਲੁਧਿਆਣਾ ਲਈ ਕਾਰ ਰਾਹੀਂ ਰਵਾਨਾ ਹੋ ਕੇ ਅਮਰੀਕਾ ਸਥਿਤ ਸਫਾਰਤਖਾਨੇ ਵਲੋਂ ਦਸੀ ਗਈ ਥਾਂ ਉਪਰ ਪਹੁੰਚ ਗਿਆ ਜਿਥੇ ਵੱਖ ਵੱਖ ਬੱਸਾਂ ਰਾਹੀਂ ਇਕੱਠੇ ਹੋਏ ਨਾਗਰਿਕਾਂ ਨੂੰ ਨਵੀਂ ਦਿਲੀ ਏਅਰਪੋਰਟ ਤੇ ਪਹੁੰਚਾਇਆ ਜਾਣਾ ਸੀ।ਅਮਰੀਕਨ ਨਾਗਰਿਕਾਂ ਨੂੰ ਨਵੀਂ ਦਿਲੀ ਏਅਰ ਪੋਰਟ ਤਕ ਲੈ ਕੇ ਜਾਣ ਵਾਲੀਆਂ ਬੱਸਾਂ ਮੁਕੱਰਰ ਕੀਤੇ ਗਏ ਸਮੇਂ ਨਾਲੋਂ ਤਕਰੀਬਨ ਪੰਦਰਾਂ ਕੁ ਲੇਟ ਪਹੁੰਚੀਆਂ ਸਨ।ਇਹਨਾਂ ਬੱਸਾਂ ਤੇ ਐਸਕੋਰਟ ਗਡੀਆਂ ਵਿਚ ਅਮਰੀਕਨ ਅਧਿਕਾਰੀ ਵੀ ਪਹੁੰਚ ਗਏ ਸਨ।ਜਦ ਹੀ ਇਹਨਾਂ ਬਸਾਂ ਦੀ ਉਡੀਕ ਕਰ ਰਹੇ ਸਾਡੇ ਲੋਕਾਂ ਨੇ ਪਹੁੰਚ ਚੁਕੀਆਂ ਬੱਸਾਂ ਨੂੰ ਆਉਣ ਤੇ ਦੇਖਿਆ ਤਾਂ ਉਹਨਾਂ ਨੇ ਬੱਸਾਂ ਨੂੰ ਇਕ ਹਜੂਮ ਵਾਂਗ ਇਸ ਤਰਾਂ ਘੇਰ ਲਿਆ ਜਿਸ ਤਰਾਂ ਜੰਗ ਦੇ ਮੈਦਾਨ ਵਿਚ ਸ਼ਰਨਾਰਥੀ ਹੋ ਚੁਕੇ ਲੋਕ ਆਪੋ ਆਪਣੇ ਠਿਕਾਣਿਆਂ ਉਪਰ ਪਹੁੰਚਣ ਲਈ ਉਤਾਵਲੇ ਹੁੰਦੇ ਹਨ।ਵੇਖਦਿਆਂ ਹੀ ਵੇਖਦਿਆਂ ਬੱਸਾਂ ਵਿਚ ਸਵਾਰ ਹੋਣ ਵਾਲੇ ਕੁਝ ਅਮਰੀਕਨ ਨਾਗਰਿਕਾਂ ਨੇ ਇਸ ਤਰਾਂ ਇਕ ਦੂਸਰੇ ਨਾਲੋਂ ਬੱਸਾਂ ਵਿਚ ਸਵਾਰ ਹੋਣ ਲਈ ਅਗੇ ਨਿਕਲ ਜਾਣ ਲਈ ਧਕਾ ਮੁਕੀ ਕੀਤੀ ਉਥੇ ਇਹਨਾਂ ਬੱਸਾਂ ਵਿਚ ਸਵਾਰ ਹੋਣ ਲਈ ਉਥੇ ਖੜੇ ਸੀਨੀਅਰ ਸਿਟੀਜਨਾਂ ਤੇ ਆਪਣੇ ਕੁਛੜ ਚੁਕ ਕੇ ਖੜੀਆਂ ਨੌਜਵਾਨ ਲੜਕੀਆਂ ਨੂੰ ਕੜਕਦੀ ਧੁਪ ਵਿਚ ਨਾਨੀ ਚੇਤੇ ਕਰਵਾ ਦਿਤੀ।ਕਿਸੇ ਨੇ ਇਹ ਵੀ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਸ ਭਿਆਨਕ ਦੌਰ ਵਿਚ ਕਿਸ ਤਰਾਂ ਇਕ ਦੂਸਰੇ ਨਾਲੋਂ ਸਰੀਰਕ ਦੂਰੀ ਬਣਾ ਕੇ ਰਖਣੀ ਹੈ।ਉਧਰ ਅਮਰੀਕਨ ਦੂਤਾਵਾਸ ਦੇ ਅਧਿਕਾਰੀ ਤੇ ਡਿਊਟੀ ਤੇ ਖੜੇ ਪੁਲੀਸ ਮੁਲਾਜਮਾਂ ਨੇ ਇਹਨਾਂ ਲੋਕਾਂ ਅਗੇ ਬਥੇਰੇ ਹੱਥ ਜੋੜੇ ਕਿ ਉਹ ਕਿਸੇ ਵੀ ਅਮਰੀਕੀ ਨਾਗਰਿਕ ਨੂੰ ਇਥੇ ਛਡ ਕੇ ਨਹੀਂ ਜਾਣਗੇ ਇਸ ਲਈ ਬਜੁਰਗਾਂ ਤੇ ਬਚਿਆਂ ਸਮੇਤ ਖੜੀਆਂ ਲੜਕੀਆਂ ਨੂੰ ਪਹਿਲਾਂ ਬੱਸ ਅੰਦਰ ਬੈਠਣ ਦਿਤਾ ਜਾਵੇ ਪਰ ਸੁਣਦਾ ਕੌਣ ਹੈ? ਨਤੀਜਾ ਕੀ ਨਿਕਲਿਆ ਕਿ ਇਸ ਧੱਕੇ ਮੁਕੀ ਦੌਰਾਨ ਲੋਕਾਂ ਨੇ ਬਸਾਂ ਅੰਦਰ ਦਾਖਲ ਹੋ ਕੇ ਸੁਖ ਦਾ ਸਾਹ ਲਿਆ।ਸਾਰੀ ਗਿਣਤੀ ਮਿਣਤੀ ਪੂਰੀ ਕਰਨ ਉਪਰੰਤ ਅਮਰੀਕਨ ਦੂਤਾਵਾਸ ਦੇ ਅਧਿਕਾਰੀਆਂ ਨੇ ਸਾਰੀਆਂ ਬੱਸਾਂ ਨੂੰ ਉਥੋਂ ਰਵਾਨਾ ਕਰਵਾ ਦਿਤਾ।ਜਦ ਅਸੀਂ ਨਵੀਂ ਦਿਲੀ ਏਅਰਪੋਰਟ ਤੇ ਪਹੁੰਚੇ ਤਾਂ ਉਥੇ ਬਿਲਕੁਲ ਚੁਪ ਚਾਪ ਦਾ ਵਾਤਾਵਰਣ ਵਿਖਾਈ ਦਿਤਾ।ਸਭ ਤੋਂ ਪਹਿਲਾਂ ਹਰ ਇਕ ਯਾਤਰੀ ਦਾ ਬੁਖਾਰ ਚੈਕ ਕੀਤਾ ਗਿਆ ।ਉਸ ਉਪਰੰਤ ਯਾਤਰੀਆਂ ਦੇ ਸਮਾਨ ਨੂੰ ਚੈਕ ਕਰਕੇ ਉਹਨਾਂ ਨੂੰ ਬੋਰਡਿੰਗ ਪਾਸ ਦਿਤੇ ਗਏ ।ਇਸ ਉਪਰੰਤ ਇੰਮੀਗਰੇਸ਼ਨ ਵਿਭਾਗ ਦੇ ਅਧਿਕਾਰੀਆਂ ਨੇ ਹਰ ਇਕ ਯਾਤਰੀ ਦੇ ਪਾਸਪੋਰਟ ਤੇ ਹੋਰ ਦਸਤਾਵੇਜ ਚੈਕ ਕੀਤੇ।ਸਾਰੇ ਯਾਤਰੀਆਂ ਨੂੰ ਇਕ ਇਕ ਕਰਕੇ ਚੈਕ ਕਰਨ ਉਪਰੰਤ ਉਸ ਗੇਟ ਵੱਲ ਭੇਜ ਦਿਤਾ ਗਿਆ ਜਿਥੋਂ ਯਾਤਰੀਆਂ ਨੇ ਯੂਨਾਈਟ ਏਅਰਲਾਈਨਜ ਦੇ ਜਹਾਜ ਵਿਚ ਬੈਠਣਾ ਸੀ।ਜਹਾਜ ਨੇ ਮੁਕੱਰਰ ਕੀਤੇ ਗਏ ਸਮੇਂ ਤੋਂ ਵੀਹ ਮਿੰਨਟ ਪਹਿਲਾਂ ਹੀ ਆਪਣੀ ਉਡਾਨ ਭਰ ਲਈ ਤੇ ਵਕਤ ਤੋਂ ਠੀਕ ਵੀਹ ਮਿੰਟ ਪਹਿਲਾਂ ਜਹਾਜ ਸ਼ਾਂਨਫਰਾਂਸਿਸਕੋ ਏਅਰਪੋਰਟ ਤੇ ਉਤਰ ਗਿਆ ।ਇਸ ਏਅਰਪੋਰਟ ਤੇ ਵੀ ਇਕ ਛਨਾਟਾ ਛਾਇਆ ਸੀ ਕੇਵਲ ਕੁਝ ਕੁ ਬਿਜਲੀ ਦੇ ਬੱਲਬ ਹੀ ਇਸ ਏਅਰਪੋਰਟ ਤੇ ਆਪਣੀ ਰੌਸ਼ਨੀ ਦੇ ਰਹੇ ਸਨ ਬਾਕੀ ਸਾਰੇ ਦੇ ਸਾਰੇ ਏਅਰਪੋਰਟ ਉਪਰ ਅੰਧੇਰਾ ਹੀ ਅੰਧੇਰਾ ਸੀ।ਇਥੇ ਮਜੇਦਾਰ ਗਲ ਇਹ ਵੇਖਣ ਨੂੰ ਮਿਲੀ ਕਿ ਇੰਮੀਗਰੇਸ਼ਨ ਅਧਿਕਾਰੀ ਯਾਤਰੀਆਂ ਦੀ ਹਰ ਕਿਸਮ ਦੀ ਸੇਵਾ ਕਰਨ ਲਈ ਅਗੇ ਆ ਰਹੇ ਸਨ ਤਾਂ ਕਿ ਕਿਸੇ ਵੀ ਯਾਤਰੀ ਨੂੰ ਕੋਈ ਮੁਸ਼ਕਲ ਪੇਸ਼ ਨਾ ਆਏ॥ਕੁਝ ਹੀ ਮਿੰਨਟਾਂ ਵਿਚ ਅਸੀਂ ਏਅਰਪੋਰਟ ਤੋਂ ਬਾਹਰ ਆ ਗਏ ਜਿਥੇ ਮੇਰਾ ਲੜਕਾ ਮੇਰੀ ਉਡੀਕ ਕਰ ਰਿਹਾ ਸੀ। ਅਸੀਂ ਇਕ ਦੂਸਰੇ ਨਾਲ ਦੂਰੋਂ ਹੀ ਫਤਹਿ ਬੁਲਾਈ ਤੇ ਉਸਨੇ ਮੈਨੂੰ ਕਾਰ ਦੀ ਪਿਛਲੀ ਸੀਟ ਉਪਰ ਬੈਠਣ ਦਾ ਇਸ਼ਾਰਾ ਕੀਤਾ।ਘਰ ਨੂੰ ਜਾਂਦੇ ਹੋਏ ਮੈਂ ਵੇਖਿਆ ਕਿ ਫਰੀਵੇ-101 ਦੀ ਸੜਕ ਜਿਹੜੀ ਭੈੜੀ ਟਰੈਫਿਕ ਕਰਕੇ ਜਾਣੀ ਜਾਂਦੀ ਹੈ ਉਪਰ ਕੋਈ ਇਕਾ ਦੁਕਾ ਕਾਰਾਂ ਹੀ ਚਲਦੀਆ ਵਿਖਾਈ ਦਿਤੀਆਂ ਸਨ।ਜਦ ਅਸੀਂ ਆਪਣੇ ਸ਼ਹਿਰ ਦੀ ਹਦੂਦ ਅੰਦਰ ਦਾਖਲ ਹੋਏ ਤਾਂ ਉਥੇ ਦਾ ਨਜਾਰਾ ਬਿਲਕੁਲ ਵੱਖਰਾ ਹੀ ਸੀ।ਸ਼ਹਿਰ ਦੀ ਕਿਸੇ ਵੀ ਸੜਕ ਉਪਰ ਕੋਈ ਵੀ ਕਾਰ ਚਲਦੀ ਹੋਈ ਵਿਖਾਈ ਨਹੀਂ ਦਿਤੀ।ਚਾਰੇ ਪਾਸੇ ਛਨਾਟਾ ਹੀ ਛਨਾਟਾ ਸੀ।ਅਸੀਂ ਵੱਖ ਵੱਖ ਸੜਕਾਂ ਉਪਰ ਦੀ ਜਾਂਦੇ ਹੋਏ ਜਦ ਆਪਣੇ ਘਰ ਪਹੁੰਚੇ ਤਾਂ ਘਰ ਵਿਚ ਕੋਈ ਵੀ ਮੈਂਬਰ ਵਿਖਾਈ ਨਹੀਂ ਦਿਤਾ ਉਹ ਸਾਰੇ ਦੇ ਸਾਰੇ ਪਹਿਲਾਂ ਬਣਾਈ ਗਈ ਯੋਜਨਾ ਤਹਿਤ ਪੰਦਰਾਂ ਦਿਨ ਲਈ ਦੂਸਰੇ ਘਰ ਵਿਚ ਚਲੇ ਗਏ ਸਨ। ਮੇਰੇ ਦਫਤਰ ਵਾਲੇ ਕਮਰੇ ਵਿਚ ਮੇਰਾ ਬੈਡ ਲਗਾ ਹੋਇਆ ਸੀ ਜਿਸ ਦੇ ਨਾਲ ਪਈ ਮੇਜ ਉਪਰ ਆਕਸੀਜਨ ਲੈਣ ਵਾਲੀ ਮਸ਼ੀਨ,ਇਕ ਥਰਮਾਮੀਟਰ ਤੇ ਰੋਜਾਨਾ ਸਰੀਰ ਅੰਦਰ ਆਕਸੀਜਨ ਦੀ ਜਾਣਕਾਰੀ ਦਸਣ ਵਾਲੀ ਮਸ਼ੀਨ ਪਈ ਸੀ।ਇਸਦੇ ਨਾਲ ਇਕ ਹੋਰ ਮੇਜ ਰਖਿਆ ਹੋਇਆ ਸੀ ਜਿਸ ਉਪਰ ਡਰਾਈ ਫਰੂਟ ਤੇ ਖਾਣ ਪੀਣ ਦਾ ਹੋਰ ਸਮਾਨ ਰਖਿਆ ਪਿਆ ਸੀ ਤਾਂ ਕਿ ਲੋੜ ਪੈਣ ਤੇ ਮੈਂ ਉਹਨਾਂ ਦੀ ਵਰਤੋਂ ਕਰ ਸਕ ਸਕਾਂ।ਗਰਮ ਤੇ ਠੰਡਾ ਪਾਣੀ ਰਖਣ ਵਾਲੀ ਮਸ਼ੀਨ ਵੀ ਮੇਰੇ ਕਮੇ ਵਿਚ ਪਈ ਸੀ ਤਾਂ ਕਿ ਮੈਂ ਲੋੜ ਪੈਣ ਤੇ ਉਸਦੀ ਵਰਤੋਂ ਕਰ ਸਕਾਂ।ਮੇਰੇ ਕਮਰੇ ਦਾ ਘਰ ਦੇ ਹੋਰ ਕਮਰਿਆਂ ਨਾਲੋਂ ਕੁਨੈਕਸ਼ਨ ਕਟ ਦਿਤਾ ਗਿਆ ਸੀ॥ਬਾਥਰੂਮ ਮੈਨੂੰ ਇਕ ਦਿਤਾ ਗਿਆ ਹੈ ਜਿਸਦਾ ਰਸਤਾ ਮੇਰੇ ਕਮਰੇ ਵਿਚੋਂ ਹੀ ਨਿਕਲਦਾ ਹੈ।ਕੁਝ ਹੀ ਮਿੰਨਟਾਂ ਵਿਚ ਮੇਰੇ ਪਰਿਵਾਰ ਦੇ ਸਾਰੇ ਮੈਂਬਰ ਮੈਨੂੰ ਮਿਲਣ ਲਈ ਆ ਗਏ ਲੇਕਿਨ ਉਹਨਾਂ ਸਾਰਿਆਂ ਨੇ ਕਮਰੇ ਵਿਚ ਲਗੇ ਸ਼ੀਸ਼ੇ ਦੇ ਦੂਸਰੇ ਪਾਸੇ ਖੜੇ ਹੋ ਕੇ ਹੀ ਇਕ ਦੂਸਰੇ ਨੂੰ ਫਤਹਿ ਬੁਲਾਈ ਤੇ ਫੋਨ ਰਾਹੀਂ ਕਾਲ ਕਰਕੇ ਮੇਰਾ ਹਾਲ ਚਾਲ ਪੁਛਿਆ ।ਇਥੇ ਭਾਵੇਂ ਮੈਨੂੰ ਜਿੰਦਗੀ ਦੀਆਂ ਸਾਰੀਆਂ ਸੁਖ ਸਹੂਲਤਾਂ ਹਨ ਪਰ ਇਸਦੇ ਬਾਵਜੂਦ ਵੀ ਮੈਂ ਆਪਣੇ ਆਪਨੂੰ ਇਕ ਕੈਦੀ ਵਾਂਗ ਮਹਿਸੂਸ ਕਰ ਰਿਹਾ ਹਾਂ॥ਲੇਕਿਨ ਇਸ ਇਕਾਂਤ ਵੱਸ ਦਾ ਇਹ ਲਾਭ ਵੀ ਹੋ ਰਿਹਾ ਹੈ ਕਿ ਮੈਨੂੰ ਇਸ ਇਕਾਂਤਵਾਸ ਦੇ ਸਮੇਂ ਦੌਰਾਨ ਕਾਫੀ ਕੁਝ ਪੜਨ ਤੇ ਲਿਖਣ ਦਾ ਮੌਕਾ ਵੀ ਮਿਲ ਰਿਹਾ ਹੈ।ਮੈਂ ਭਾਵੇਂ ਆਪਣੇ ਪਰਿਵਾਰ ਵਿਚ ਆ ਗਿਆ ਹਾਂ ਪਰ ਮੇਰਾ ਦਿਲ ਪੰਜਾਬ ਤੇ ਪੰਜਾਬ ਦੇ ਲੋਕਾਂ ਲਈ ਧੜਕ ਰਿਹਾ ਹੈ।ਕਿਉਂਕਿ ਉਥੇ ਕਰੋਨਾ ਵਾਇਰਸ ਦੇ ਕਾਰਣ ਹਾਲਾਤ ਦਿਨੋ ਦਿਨ ਭੈੜੇ ਹੁੰਦੇ ਜਾ ਰਹੇ ਹਨ।ਸਭ ਤੋਂ ਵਡਾ ਦੁਖਾਂਤ ਇਹ ਹੈ ਕਿ ਲੋਕ ਕਰੋਨਾ ਵਾਇਰਸ ਦੇ ਕਹਿਰ ਨੂੰ ਹਲਕੇ ਵਿਚ ਲੈ ਰਹੇ ਹਨ।



ਸਤਨਾਮ ਸਿੰਘ ਚਾਹਲ

ਬਿਜਲੀ ਦਾ ਕੋਈ ਵੀ ਛੋਟਾ ਜਾਂ ਵੱਡਾ ਕੰਮ
FOR ALL KINDS OF ELECTRICAL WORK




* Industrial Lighting / Automation
* Residential/ Commercial/ Industrial
* Basement / Custom Homes Wiring
* Service Panel Upgrading
* Fire Alarm / Security System
* Drive way Lights
* CCTV Camera
* UPS & Battery Banks



INDOOR ਜਾਂ OUTDOOR LED POT LIGHTS ਲਗਵਾਉਣ ਤੇ DIMMER FREE ਲਗਵਾਉ

Contact: Nirmal Johal
Certified Technician
647-716-2677



## ਕੋਰੋਨਾ ਦਾ ਖ਼ਾਤਮਾ ਅਲਟਰਾ ਵਾਇਲੈਟ ਰੌਸ਼ਨੀ ਕਰੇਗੀ

ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਰੱਖਿਆ ਖੋਜ ਤੇ ਵਿਕਾਸ ਸੰਗਠਨ (ਡੀ ਆਰ ਡੀ ਓ) ਨੇ ਕੋਰੌਨਾ ਵਾਇਰਸ ਨੂੰ ਨਸ਼ਟ ਕਰਨ ਲਈ ਦੋ ਨਵੇਂ ਜੰਤਰ ਬਣਾਏ ਹਨ। ਇਹ ਦੋਵੇਂ ਜੰਤਰ ਦਫ਼ਤਰਾਂ ਜਾਂ ਘਰਾਂ 'ਚ ਰੋਜ਼ ਵਰਤਣ ਵਾਲੀਆਂ ਵਸਤੂਆਂ ਨੂੰ ਕੋਰੋਨਾ ਤੋਂ ਮੁਕਤ ਕਰਨ 'ਚ ਬਹੁਤ ਕਾਰਗਰ ਹਨ।

ਡੀ ਆਰ ਡੀ ਓ ਦਾ ਕਹਿਣਾ ਹੈ ਕਿ ਇਨ੍ਹਾਂ ਦੇ ਉਤਪਾਦਨ ਲਈ ਨਿੱਜੀ ਉਦਯੋਗਾਂ ਨਾਲ ਗੱਲਬਾਤ ਆਖ਼ਰੀ ਦੌਰ 'ਚ ਹੈ ਅਤੇ ਬਹੁਤ ਜਲਦੀ ਸਸਤੇ ਭਾਅ 'ਤੇ ਇਹ ਬਾਜ਼ਾਰ 'ਚ ਉਪਲੱਬਧ ਹੋ ਜਾਣਗੇ। ਦੋਵੇਂ ਅਲਟਰਾ ਵਾਇਲੈਟ ਰੌਸ਼ਨੀ ਨਾਲ ਵਾਇਰਸ ਨੂੰ ਖਤਮ ਕਰਨ ਦੇ ਸਿਧਾਂਤ ਉੱਤੇ ਕੰਮ ਕਰਦੇ ਹਨ। ਮਾਈਕ੍ਰੋ ਵੇਵ ਜਿੱਡਾ ਪਹਿਲਾ ਜੰਤਰ ਦਫ਼ਤਰ ਜਾਂ ਘਰ ਪਹੁੰਚਣ 'ਤੇ ਮੋਬਾਈਲ, ਘੜੀ, ਕਾਰ ਦੀ ਚਾਬੀ, ਪਰਸ ਵਰਗੀਆਂ ਚੀਜ਼ਾਂ 'ਚ ਮੌਜੂਦ ਵਾਇਰਸ ਨੂੰ ਇੱਕ ਮਿੰਟ 'ਚ ਖ਼ਤਮ ਕਰਦਾ ਹੈ। ਦੂਸਰਾ ਜੰਤਰ ਵੀ ਇਸੇ ਸਿਧਾਂਤ 'ਤੇ ਕੰਮ ਕਰਦਾ ਹੈ ਅਤੇ ਇਸ ਨੂੰ ਹੱਥ 'ਚ ਫੜ ਕੇ ਕਿਸੇ ਫਾਈਲ, ਖਾਣ-ਪੀਣ ਦੀ ਵਸਤੂਆਂ ਸਬਜ਼ੀਆਂ ਜਾਂ ਦੁੱਧ ਦੇ ਪੈਕੇਟ 'ਤੇ ਇੱਕ ਮਿੰਟ ਤੱਕ ਰੱਖਿਆ ਜਾਂਦਾ ਹੈ। ਉਪਕਰਨ 'ਚੋਂ ਨਿਕਲਣ ਵਾਲੀ ਅਲਟਰਾ ਵਾਈਲੈਟ ਰੌਸ਼ਨੀ ਵਾਇਰਸ ਨੂੰ ਖ਼ਤਮ ਕਰ ਦਿੰਦੀ ਹੈ। ਡੀ ਆਰ ਡੀ ਓ ਦੇ ਡਾਇਰੈਕਟਰ ਭੁਵਨੇਸ਼ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਉਪਕਰਨਾਂ ਦੀ ਕੀਮਤ ਦੋ ਤੋਂ ਚਾਰ ਹਜ਼ਾਰ ਤੱਕ ਰਹਿਣ ਦੀ ਸੰਭਾਵਨਾ ਹੈ।

## ਮਰਕਜ ਨਿਜ਼ਾਮੁਦੀਨ ਵਿੱਚ ਪੈਸਾ 150 ਤੋਂ ਵੱਧ ਦੇਸ਼ਾਂ ਤੋਂ ਆਇਆ



ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਦੇ ਨਿਜ਼ਾਮੁਦੀਨ ਦੇ ਮਰਕਜ ਕੇਸ ਵਿਚ ਕਰਾਈਮ ਬ੍ਰਾਂਚ ਨੇ ਖੁਲਾਸਾ ਕੀਤਾ ਹੈ ਕਿ ਇਥੇ ਵਿਦੇਸ਼ਾਂ ਤੋਂ ਪੈਸਾ ਆਉਂਦਾ ਸੀ। ਇਹੀ ਨਹੀਂ, ਇਥੋਂ ਕੁਝ ਲੋਕ ਧਰਮ ਦਾ ਪ੍ਰਚਾਰ ਕਰਨ ਦੀ ਥਾਂ ਪੈਸਾ ਲੈਣ ਵਿਦੇਸ਼ ਜਾਂਦੇ ਸਨ। ਜਾਂਚ ਵਿੱਚ ਪਤਾ ਲੱਗਾ ਹੈ ਕਿ ਕਈ ਦੇਸ਼ਾਂ ਦੇ ਮੁਖੀ ਵੀ ਮਰਕਜ ਨੂੰ ਪੈਸੇ ਦਿੰਦੇ ਸਨ।

ਇਸ ਜਾਂਚ ਵਿੱਚ ਇਹ ਵੀ ਪਤਾ ਲੱਗਾ ਹੈ ਕਿ ਕੋਰੋਨਾ ਦੇ ਸੰਕਟ ਵਿਚਾਲੇ ਵੀ ਇਥੋਂ ਕੁਝ ਲੋਕ ਚੀਨ ਵੀ ਗਏ ਅਤੇ ਚੀਨ ਤੋਂ ਫਿਰ ਮਰਕਜ ਆਏ ਸਨ। ਮਰਕਜ ਵਿੱਚ 150 ਤੋਂ ਲੈ ਕੇ 200 ਦੇਸ਼ਾਂ ਤੋਂ ਫੰਡ ਆਉਂਦਾ ਸੀ। ਮਰਕਜ ਨਾਲ ਜੁੜੇ ਜਮਾਤੀਆਂ ਨੂੰ ਧਰਮ ਦੇ ਪ੍ਰਚਾਰ ਦੇ ਨਾਂਅ 'ਤੇ ਵਿਦੇਸ਼ ਭੇਜ ਕੇ ਉਥੋਂ ਪੈਸੇ ਲਿਆਉਣ ਦਾ ਕੰਮ ਕੀਤਾ ਜਾਂਦਾ ਸੀ। ਭਾਵ ਧਰਮ ਦੇ ਪ੍ਰਚਾਰ ਦੇ ਨਾਂਅ 'ਤੇ ਵਿਦੇਸ਼ਾਂ ਤੋਂ ਫੰਡ ਇਕੱਠਾ ਕਰਨ ਦਾ ਕੰਮ ਇਥੇ ਹੁੰਦਾ ਸੀ। ਵਰਨਣ ਯੋਗ ਹੈ ਕਿ ਜਿਹੜਾ ਵੀ ਵਿਦੇਸ਼ ਜਾਂਦਾ ਸੀ, ਉਹ ਆਪਣਾ ਖਰਚ ਖੁਦ ਚੁੱਕਦਾ ਸੀ। ਇਥੇ ਹੈਸੀਅਤ ਦੇ ਹਿਸਾਬ ਨਾਲ ਲੋਕਾਂ ਨੂੰ ਅਲੱਗ-ਅਲੱਗ ਥਾਵਾਂ 'ਤੇ ਭੇਜਿਆ ਜਾਂਦਾ ਸੀ। ਮਿਸਾਲ ਵਜੋਂ ਜੇ ਕੋਈ ਘੱਟ ਪੈਸੇ ਵਾਲਾ ਹੈ ਤਾਂ ਉਸ ਨੂੰ ਭਾਰਤ ਦੇ ਹੀ ਕਿਸੇ ਹੋਰ ਰਾਜ ਵਿੱਚ ਜਦ ਕਿ ਵੱਧ ਪੈਸੇ ਵਾਲੇ ਵਿਅਕਤੀ ਨੂੰ ਵਿਦੇਸ਼ ਭੇਜਿਆ ਜਾਂਦਾ ਸੀ।

ਸੰਗਮ ਵਿਹਾਰ ਅਤੇ ਦੇਵਲੀ ਵਿੱਚ ਤਿੰਨ ਹੌਟ ਸਪਾਟਾਂ ਦਾ ਕਾਰਨ ਬਣਿਆ ਜਮਾਤ ਵਰਕਰ ਵੀ ਮਰਕਜ ਦੇ ਕਹਿਣ 'ਤੇ ਫਿਜ਼ੀ ਗਿਆ ਸੀ। ਉਥੋਂ ਵਾਪਸ ਆਉਣ 'ਤੇ ਉਹ ਆਪਣੇ ਘਰ ਜਾਣ ਦੀ ਥਾਂ ਸਿੱਧੇ ਮਰਕਜ ਗਿਆ। ਉਥੇ ਕੁਝ ਦਿਨ ਰੁਕਿਆ ਅਤੇ ਉਸ ਤੋਂ ਬਾਅਦ ਆਪਣੇ ਘਰ ਆਇਆ, ਜਿਸ ਤੋਂ ਬਾਅਦ ਉਸ ਦੇ ਘਰ ਵਾਲੇ, ਹੋਰ ਥਾਵਾਂ 'ਤੇ ਰਹਿਣ ਵਾਲੇ ਪਰਵਾਰ ਦੇ ਹੋਰ ਲੋਕ ਅਤੇ ਗੁਆਂਢੀ ਕੋਰੋਨਾ ਵਾਇਰਸ ਤੋਂ ਪ੍ਰਭਾਵਤ ਹੋ ਗਏ। ਉਥੇ ਮਰਕਜ ਵਿੱਚ ਚੀਨ ਤੋਂ ਵੀ ਜਮਾਤੀ ਆਏ ਸਨ, ਜਿਨ੍ਹਾਂ ਨੂੰ ਪੁਲ ਪ੍ਰਹਿਲਾਦਪੁਰ ਦੇ ਕੁਆਰੰਟਾਈਨ ਸੈਂਟਰ ਵਿੱਚ ਰੱਖਿਆ ਗਿਆ ਹੈ।


## ਸਰਕਾਰ ਨੇ ਮਾਲ ਢੁਆਈ ਦੀ ਕਮੀ ਕਾਰਨ ਬੰਦਰਗਾਹਾਂ ਨੂੰ ਕਿਰਾਏ ਘਟਾਉਣ ਨੂੰ ਕਿਹਾ



ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਮਹਾਮਾਰੀ ਕਾਰਨ ਸਪਲਾਈ ਰੁਕਣ ਕਾਰਨ ਸਰਕਾਰ ਨੇ ਇੰਪੋਰਟ ਅਤੇ ਐਕਸਪੋਰਟ (ਐਕਿਜਮ) ਨਾਲ ਸੰਬੰਧਤ ਮਾਲ ਢੁਆਈ ਵਿੱਚ ਗਿਰਾਵਟ ਨੂੰ ਦੇਖ ਕੇ ਦੇਸ਼ ਦੀਆਂ ਸਾਰੀਆਂ 12 ਮੁੱਖ ਬੰਦਰਗਾਹਾਂ ਤੋਂ ਤਿੰਨ ਮਹੀਨਿਆਂ ਲਈ ਕਿਰਾਇਆ ਘੱਟ ਕਰਨ ਅਤੇ ਫੀਸ ਤੇ ਜੁਰਮਾਨਾ ਨਾ ਵਸੂਲਣ ਨੂੰ ਕਿਹਾ ਹੈ। ਸਰਕਾਰ ਨੇ ਇਨ੍ਹਾਂ ਮੁੱਖ ਬੰਦਰਗਾਹਾਂ ਨੂੰ ਕਿਹਾ ਹੈ ਕਿ ਮਾਲ ਦੀ ਢੁਆਈ 'ਚ ਜਿਸ ਅਨੁਪਾਤ 'ਚ ਕਮੀ ਆਈ ਹੈ, ਉਸੇ ਅਨੁਪਾਤ ਵਿੱਚ ਕਿਰਾਇਆ ਵੀ ਘੱਟ ਕੀਤਾ ਜਾਣਾ ਚਾਹੀਦਾ ਹੈ।

ਭਾਰਤ ਸਰਕਾਰ ਦੇ ਸ਼ਿਪਿੰਗ ਮੰਤਰਾਲਾ ਦੇ ਇੱਕ ਪੱਤਰ ਵਿੱਚ ਸਾਰੀਆਂ ਬੰਦਰਗਾਹਾਂ ਨੂੰ ਸ਼ਿਪਿੰਗ ਲਾਈਨਰਸ, ਇੰਪੋਰਟਰਜ਼, ਲਾਜਿਸਟਿਕਸ ਸਰਵਿਸ ਪ੍ਰੋਵਾਈਡਰਜ਼ ਅਤੇ ਕੋਰੋਨਾ ਵਾਇਰਸ ਨਾਲ ਪ੍ਰਭਾਵਤ ਹੋਰ ਸੰਭਾਵਿਤ ਪੱਖਾਂ ਲਈ ਫੀਸ ਦੇ ਭੁਗਤਾਨ ਤੋਂ ਛੋਟ ਦੇ ਕੇ ਰਾਹਤ ਦੇਣ ਨੂੰ ਕਿਹਾ ਹੈ। ਸਰਕਾਰ ਨੇ ਲਾਜਿਸਟਿਕਸ ਦੀਆਂ ਕੜੀਆਂ ਨਵੇਂ ਸਿਰੇ ਨਾਲ ਤਿਆਰ ਕਰ ਕੇ ਐਕਜਿਮ ਮਾਲ ਦੀ ਢੁਆਈ ਨੂੰ ਬੜ੍ਹਾਵਾ ਦੇਣ ਲਈ ਰਾਹਤ ਦੇ ਉਪਾਅ ਕਰਨ ਨੂੰ ਕਿਹਾ ਹੈ। ਮੰਤਰਾਲਾ ਨੇ ਸਾਰੀਆਂ ਮੁੱਖ ਬੰਦਰਗਾਹਾਂ ਦੇ ਚੇਅਰਪਰਸਨ ਅਤੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰਾਂ ਨੂੰ ਦਿੱਤੇ ਨਿਰਦੇਸ਼ 'ਚ ਕਿਹਾ ਕਿ ਵਪਾਰ ਦੀ ਮਾਤਰਾ ਘੱਟ ਹੋਣ ਅਤੇ ਨਕਦੀ ਦਾ ਪ੍ਰਵਾਹ ਘੱਟ ਹੋਣ ਨਾਲ ਵਪਾਰੀਆਂ, ਐਕਪੋਰਟਰਾਂ, ਇੰਪੋਰਟਰਾਂ, ਬੰਦਰਗਾਹ ਸੰਚਾਲਕਾਂ, ਸ਼ਿਪਿੰਗ ਲਾਈਨਸ ਅਤੇ ਟਰਾਂਸਪੋਰਟਸ ਸਮੇਤ ਸਪਲਾਈ ਲੜੀ ਨਾਲ ਸੰਬੰਧਤ ਸਭਨਾਂ ਸੰਸਥਾਨਾਂ ਨੂੰ ਕਾਰੋਬਾਰ ਬਣਾਈ ਰੱਖਣ 'ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਲੋੜ ਹੈ ਕਿ ਲਾਜਿਸਟਿਕਸ ਦੀਆਂ ਕੜੀਆਂ ਦੇ ਨਵੇਂ ਸਿਰੇ ਨਾਲ ਬਣਾਇਆ ਅਤੇ ਉਨ੍ਹਾਂ ਨੂੰ ਸਮਰਥਨ ਦੇਣ ਲਈ ਰਾਹਤ ਦੇ ਕੁਝ ਉਪਾਅ ਕੀਤੇ ਜਾਣ। ਮੰਤਰਾਲਾ ਨੇ ਕਿਹਾ ਕਿ ਕੋਰੋਨਾ ਵਾਇਰਸ ਅਤੇ ਕਈ ਦੇਸ਼ਾਂ ਵਿੱਚ ਲਾਕਡਾਊਨ ਨਾਲ ਲਾਜਸਟਿਕਸ ਦੀ ਲੜੀ 'ਚ ਗੰਭੀਰ ਰੁਕਾਵਟਾਂ ਆਈਆਂ ਹਨ ਅਤੇ ਇਸ ਨਾਲ ਜੁੜੇ ਉਤਪਾਦਨ ਅਤੇ ਖਪਤਕਾਰ ਕੇਂਦਰ ਪ੍ਰਭਾਵਤ ਹੋਏ ਹਨ। ਉਸ ਨੇ ਕਿਹਾ ਕਿ ਲਾਜਿਸਟਿਕਸ ਲੜੀ ਮੁਸ਼ਕਲ ਸਮੇਂ 'ਚੋਂ ਲੰਘ ਰਹੀ ਹੈ ਅਤੇ ਉਸ ਨੂੰ ਸਪਲਾਈ ਪੱਖ ਵਿੱਚ ਰੁਕਾਵਟ ਦੇ ਨਾਲ ਹੀ ਮੰਗ ਪੱਖ ਵਿੱਚ ਵੀ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਬੇਹੱਦ ਮੁਸ਼ਕਲ ਹਾਲਾਤਾਂ ਵਿੱਚ ਸਾਰੇ ਮੁੱਖ ਬੰਦਰਗਾਹਾਂ ਨੂੰ ਨਿਰਦੇਸ਼ ਜਾਰੀ ਕੀਤਾ ਹੈ ਕਿ ਉਹ ਲਾਕਡਾਊਨ ਦੌਰਾਨ ਸਾਰੇ ਪੋਰਟ ਯੂਜ਼ਰਸ ਨੂੰ ਮੁਫਤ ਭੰਡਾਰ ਸੇਵਾ ਦੇਣਣਗੇ। ਇਸ ਤੋਂ ਇਲਾਵਾ ਅਪ੍ਰੈਲ, ਮਈ ਅਤੇ ਜੂਨ ਮਹੀਨੇ ਲਈ ਸਾਲਾਨਾ ਪੱਟੇ ਦਾ ਕਿਰਾਇਆ, ਲਾਇਸੈਂਸ ਫੀਸ ਨਹੀਂ ਵਸੂਲਣਗੇ।

## ਕੋਰੋਨਾ ਦੀ ਦਹਿਸ਼ਤ :
## ਪਿਤਾ ਦੀ ਲਾਸ਼ ਦਾ ਅੰਤਿਮ ਸਸਕਾਰ ਕਰਨ ਤੋਂ ਬੇਟੇ ਵੱਲੋਂ ਨਾਂਹ



ਭੋਪਾਲ, 23 ਅਪ੍ਰੈਲ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਦਾ ਕਹਿਰ ਜਾਰੀ ਹੈ। ਲੋਕਾਂ 'ਚ ਕੋਰੋਨਾ ਦਾ ਡਰ ਇੰਨਾ ਵਧ ਗਿਆ ਹੈ ਕਿ ਰਿਸ਼ਤਿਆਂ ਤੋਂ ਭੱਜਣ ਲੱਗ ਪਏ ਹਨ। ਅਜਿਹਾ ਹੀ ਮਾਮਲਾ ਮੱਧ ਪ੍ਰਦੇਸ਼ ਵਿੱਚੋਂ ਸਾਹਮਣੇ ਆਇਆ ਹੈ। ਓਥੇ ਇੱਕ ਪੁੱਤਰ ਨੇ ਆਪਣੇ ਪਿਤਾ ਦੀ ਲਾਸ਼ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਪ੍ਰਸ਼ਾਸਨ ਨੂੰ ਅੰਤਿਮ ਸਸਕਾਰ ਕਰਨ ਲਈ ਚਿੱਠੀ ਲਿਖੀ ਹੈ। ਪਤਾ ਲੱਗਾ ਹੈ ਕਿ ਇਹ ਘਟਨਾ ਇਥੋਂ ਦੇ ਸ਼ੁਜਾਲਪੁਰ ਸ਼ਹਿਰ ਦੀ ਹੈ, ਜਿੱਥੇ ਮ੍ਰਿਤਕ ਪ੍ਰੇਮ ਸਿੰਘ ਮੇਵਾੜਾ ਕੋਰੋਨਾ ਪਾਜ਼ੀਟਿਵ ਸੀ। ਬੀਤੇ ਮੰਗਲਵਾਰ ਭੋਪਾਲ 'ਚ ਉਸ ਦੀ ਮੌਤ ਹੋ ਗਈ। ਜ਼ਿਲਾ ਪ੍ਰਸ਼ਾਸਨ ਨੇ ਮ੍ਰਿਤਕ ਦੇ ਪੁੱਤਰ ਸੰਦੀਪ ਮੇਵਾੜਾ ਨੂੰ ਕਈ ਵਾਰ ਅੰਤਿਮ ਸਸਕਾਰ ਲਈ ਅਪੀਲ ਕੀਤੀ, ਪਰ ਪੁੱਤਰ ਨੂੰ ਡਰ ਸੀ ਕਿ ਲਾਸ਼ ਲੈਣ ਗਿਆ ਤਾਂ ਮੈਨੂੰ ਕੋਰੋਨਾ ਹੋ ਜਾਏਗਾ, ਇਸ ਲਈ ਅੰਤਿਮ ਸਸਕਾਰ ਲਈ ਨਾ ਗਿਆ। ਜ਼ਿਲਾ ਪ੍ਰਸ਼ਾਸਨ ਦੀ ਟੀਮ ਲਗਾਤਾਰ ਪਰਵਾਰਕ ਮੈਂਬਰਾਂ ਦੇ ਸੰਪਰਕ ਵਿੱਚ ਸੀ। ਪੁੱਤਰ ਦੀ ਉਡੀਕ 'ਚ ਉਸ ਦੇ ਪਿਤਾ ਦੀ ਲਾਸ਼ ਮੁਰਦਾਘਰ 'ਚ ਰੱਖ ਦਿੱਤੀ ਗਈ। ਜ਼ਿਲੇ ਦੇ ਅਧਿਕਾਰੀਆਂ ਦੀਆਂ ਮਿੰਨਤਾਂ ਤੋਂ ਬਾਅਦ ਵੀ ਉਹ ਆਉਣ ਨੂੰ ਤਿਆਰ ਨਹੀਂ ਸੀ। ਪੁੱਤਰ ਨੇ ਪ੍ਰਸ਼ਾਸਨ ਨੂੰ ਚਿੱਠੀ ਰਾਹੀਂ ਲਾਸ਼ ਲੈਣ ਤੋਂ ਅਸਮਰਥ ਦੱਸਿਆ। ਇਸ ਮੌਕੇ 'ਤੇ ਫਿਰ ਤਹਿਸੀਲਦਾਰ ਨੇ ਪੁੱਤਰ ਦਾ ਫਰਜ਼ ਨਿਭਾਇਆ। ਇਸ ਚਿੱਠੀ ਵਿੱਚ ਮ੍ਰਿਤਕ ਦੇ ਪੁੱਤਰ ਸੰਦੀਪ ਮੇਵਾੜਾ ਨੇ ਲਿਖਿਆ ਕਿ ਮੇਰੇ ਪਿਤਾ ਜੀ ਕੋਰੋਨਾ ਪਾਜ਼ੀਟਿਵ ਸਨ ਤੇ ਉਨ੍ਹਾਂ ਦੀ 20 ਅਪ੍ਰੈਲ ਨੂੰ ਮੌਤ ਹੋ ਗਈ ਸੀ। ਮੈਂ ਖੁਦ ਆਪਣੀ ਇੱਛਾ ਨਾਲ ਪਿਤਾ ਜੀ ਦੀ ਲਾਸ਼ ਪ੍ਰਸ਼ਾਸਨ ਨੂੰ ਦਿੰਦਾ ਹਾਂ। ਪ੍ਰਸ਼ਾਸਨ ਹੀ ਉਨ੍ਹਾਂ ਦਾ ਅੰਤਿਮ ਸਸਕਾਰ ਕਰੇ। ਇਹ ਸਾਰਾ ਕੁਝ ਮੈਂ ਆਪਣੀ ਇੱਛਾ ਮੁਤਾਬਕ ਕਰ ਰਿਹਾ ਹਾਂ ਅਤੇ ਸਾਰਾ ਕੁਝ ਮੈਂ ਲਿਖਤੀ ਤੌਰ 'ਤੇ ਤਹਿਸੀਲਦਾਰ ਨੂੰ ਦੇ ਰਿਹਾ ਹਾਂ। ਇਸ ਮੌਕੇ ਫਿਰ ਤਹਿਸੀਲਦਾਰ ਨੇ ਪੁੱਤਰ ਦਾ ਫਰਜ਼ ਨਿਭਾਇਆ। ਬੈਰਾਗੜ੍ਹ ਦੇ ਤਹਿਸੀਲਦਾਰ ਗੁਲਾਬ ਸਿੰਘ ਬਘੇਲ ਨੇ ਕਿਹਾ ਹੈ ਕਿ ਅਸੀਂ ਪਰਵਾਰ ਦੇ ਲੋਕਾਂ ਨੇ ਕਿਹਾ ਹੈ ਕਿ ਇੱਕ ਹੀ ਲੜਕਾ ਹੈ ਅਸੀਂ ਉਸ ਦੀ ਜਾਨ ਖਤਰੇ ਵਿੱਚ ਨਹੀਂ ਪਾਉਣਾ ਚਾਹੁੰਦੇ ਹਾਂ, ਉਹ ਵੀ ਉਥੇ ਮੌਜੂਦ ਨਹੀਂ ਹੋਵੇਗਾ। ਇਸ ਲਈ ਪ੍ਰਸ਼ਾਸਨ ਨੇ ਹੀ ਅੰਤਮ ਸੰਸਕਾਰ ਕੀਤਾ ਹੈ।

## ਇੱਕ ਪਿੰਡ ਵਿੱਚ 41 ਜਣੇ ਕੋਰੋਨਾ ਪਾਜ਼ੀਟਿਵ ਹੋਏ ਤਾਂ ਪੂਰਾ ਪਿੰਡ ਕੁਆਰੰਟਾਈਨ



ਸ੍ਰੀਨਗਰ, 23 ਅਪ੍ਰੈਲ (ਪੋਸਟ ਬਿਊਰੋ)- ਬਾਂਦੀਪੁਰਾ ਜ਼ਿਲੇ ਦੇ ਗੁੰਡ ਜਹਾਂਗੀਰ ਪਿੰਡ ਵਿੱਚ 41 ਵਿਅਕਤੀਆਂ ਦੇ ਕੋਰੋਨਾ ਵਾਇਰਸ ਪਾਜ਼ੇਟਿਵ ਪਾਏ ਜਾਣ ਪਿੱਛੋਂ ਅਧਿਕਾਰੀਆਂ ਨੇ ਪੂਰੇ ਪਿੰਡ ਨੂੰ ਵੱਖ ਕਰਨ ਦਾ ਫੈਸਲਾ ਲਿਆ ਹੈ।

ਕਰੀਬ 400 ਵਾਲਾ ਇਹ ਜੰਮੂ-ਕਸ਼ਮੀਰ ਦਾ ਪਹਿਲਾ ਪਿੰਡ ਹੈ, ਜਿੱਥੇ ਪੂਰੀ ਆਬਾਦੀ ਨੂੰ ਕੁਆਰੰਟਾਈਨ ਕੀਤਾ ਗਿਆ ਹੈ। ਇੱਕ ਅਧਿਕਾਰੀ ਨੇ ਕਿਹਾ ਕਿ ਪਿੰਡ ਦ ਅੱਧੀ ਆਬਾਦੀ ਪ੍ਰਸ਼ਾਸਨਿਕ ਕੁਆਰੰਟਾਈਨ ਵਿੱਚ ਹੈ, ਜਦ ਕਿ ਅੱਧੀ ਹੋਮ ਕੁਆਰੰਟਾਈਨ ਵਿੱਚ ਹੈ। ਇਸ ਪਿੰਡ ਦੇ ਪਹਿਲੇ ਕੋਰੋਨਾ ਵਾਇਰਸ ਪਾਜ਼ੀਟਿਵ ਮਰੀਜ਼, ਜਿਸ ਦੀ ਸ੍ਰੀਨਗਰ ਦੇ ਇੱਕ ਹਸਪਤਾਲ ਵਿਚ ਮੌਤ ਹੋ ਗਈ ਸੀ, ਦੀ ਕੋਈ ਟਰੈਵਲ ਹਿਸਟਰੀ ਨਹੀਂ ਸੀ। ਉਸ ਵਿਅਕਤੀ ਦੇ ਬੇਟੇ ਨੇ ਕਿਹਾ ਕਿ ਉਸ ਦੇ ਪਿਤਾ ਚਾਰ ਮਹੀਨੇ ਤੋਂ ਬਿਮਾਰ ਸਨ ਤੇ ਉਹ ਕਸ਼ਮੀਰ ਘਾਟੀ ਤੋਂ ਬਾਹਰ ਨਹੀਂ ਗਏ ਸਨ। ਉਸ ਨੇ ਦੱਸਿਆ ਕਿ ਉਹ ਇੱਕ ਫਲ ਦੇ ਵਪਾਰੀ ਸਨ, ਜਿਹੜਾ ਆਪਣੀ ਬਿਮਾਰੀ ਦੇ ਦਿਨਾਂ ਦੌਰਾਨ ਨਾ ਬਾਹਰ ਗਏ ਤੇ ਨਾ ਹੀ ਘਾਟੀ ਦੇ ਬਾਹਰ ਕਿਸੇ ਵਿਅਕਤੀ ਨਾਲ ਮਿਲੇ ਸਨ, ਉਨ੍ਹਾਂ ਨੂੰ ਗੁਰਦੇ ਦੀ ਬਿਮਾਰੀ ਤੇ ਕਾਰਡੀਓ-ਵੇਸਕਿਊਲਰ ਦੀ ਸਮੱਸਿਆ ਸੀ।

ਇੱਕ ਅਧਿਕਾਰੀ ਨੇ ਕਿਹਾ ਕਿ ਸਾਨੂੰ ਪਤਾ ਲੱਗਾ ਹੈ ਕਿ ਪਿੰਡ ਦੇ ਲੋਕ ਉਸ ਦੀ ਬਿਮਾਰੀ ਵੇਲੇ ਉਸ ਦੇ ਕੋਲ ਜਾਂਦੇ ਸਨ। ਕੀ ਉਨ੍ਹਾਂ ਨੂੰ ਉਨ੍ਹਾਂ ਲੋਕਾਂ ਤੋਂ ਵਾਇਰਸ ਮਿਲਿਆ ਜਾਂ ਉਨ੍ਹਾਂ ਲੋਕਾਂ ਨੂੰ ਉਸ ਤੋਂ ਵਾਇਰਸ ਮਿਲਿਆ, ਅਜੇ ਇਹ ਭੇਦ ਹੈ। ਪਿੰਡ ਦੇ ਇਨਫੈਕਟਿਡ ਲੋਕਾਂ ਵਿੱਚੋਂ 12 ਮੌਤਾਂ ਦੇ ਪਰਵਾਰ ਦੇ ਮੈਂਬਰ ਜਾਂ ਉਸ ਦੇ ਦੋਸਤ ਤੇ ਗੁਆਂਢੀ ਹਨ। ਪ੍ਰਸ਼ਾਸਨ ਅਜੇ ਇਸ ਪਿੰਡ ਦੇ ਲੋਕਾਂ ਦੇ ਸੰਪਰਕ ਦਾ ਪਤਾ ਲਾਉਣ ਦੇ ਯਤਨ ਕਰ ਰਿਹਾ ਹੈ। ਜੰਮੂ-ਕਸ਼ਮੀਰ ਵਿੱਚ ਕੋਰੋਨਾ ਵਾਇਰਸ ਦੇ ਸਭ ਤੋਂ ਵੱਧ 91 ਕੇਸ ਬਾਂਦੀਪੁਰਾ ਜ਼ਿਲੇ ਵਿੱਚ ਹਨ।

## ਲਾਕਡਾਊਨ ਵਿੱਚ ਆਬੂਧਾਬੀ ਦੇ ਲੜਕੇ ਤੇ ਮੁੰਬਈ ਦੀ ਲੜਕੀ ਦਾ ਫੋਨ ਉਤੇ ਨਿਕਾਹ



ਮੇਰਠ, 23 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਕਾਰਨ ਕਈ ਲੋਕਾਂ ਨੂੰ ਵਿਆਹ ਵੀ ਰੱਦ ਕਰਨਾ ਪਿਆ ਹੈ, ਪਰ ਇਥੋਂ ਦੇ ਇੱਕ ਪਰਵਾਰ ਨੇ ਵਿਆਹ ਟਾਲਣ ਦੀ ਥਾਂ ਫੋਨ 'ਤੇ ਨਿਕਾਹ ਪੜ੍ਹਵਾਉਣ ਦਾ ਫੈਸਲਾ ਕਰ ਲਿਆ।

ਮੇਰਠ ਦੇ ਸ਼ਾਹਪੀਰ ਗੇਟ ਦੇ ਵਸਨੀਕ ਵਸੀਮ ਅਹਿਮਦ ਦੇ ਵਿਆਹ ਦਾ ਕਿੱਸਾ ਬੇਹੱਦ ਦਿਲਚਸਪ ਹੈ। ਦਰਅਸਲ ਵਸੀਮ ਅਹਿਮਦ ਆਬੂਧਾਬੀ 'ਚ ਇੱਕ ਸ਼ਾਪਿੰਗ ਮਾਲ 'ਚ ਮੈਨੇਜਰ ਹੈ। ਉਸ ਦਾ ਨਿਕਾਹ 19 ਅਪ੍ਰੈਲ ਨੂੰ ਹੋਣਾ ਤੈਅ ਸੀ, ਪਰ ਲਾਕਡਾਊਨ ਕਾਰਨ ਵਸੀਮ ਜਿੱਥੇ ਆਬੂਧਾਬੀ ਤੋਂ ਮੇਰਠ ਨਹੀਂ ਆ ਸਕਦਾ ਸੀ, ਉਥੇ ਦੂਜੀ ਧਿਰ ਮੁੰਬਈ ਤੋਂ ਮੇਰਠ ਨਹੀਂ ਆ ਸਕਦੀ ਸੀ। ਵਸੀਮ ਦੇ ਪਿਤਾ ਨਦੀਮ ਅਹਿਮਦ ਨੇ ਦੱਸਿਆ ਕਿ ਅਸੀਂ ਇਸ ਲਈ ਕਾਜ਼ੀ ਜੈਨੁਰ ਰਾਸ਼ੀਦੀਨ ਨਾਲ ਗੱਲ ਕੀਤੀ ਅਤੇ 19 ਅਪ੍ਰੈਲ ਨੂੰ ਬੇਹੱਦ ਸਾਦਗੀ ਨਾਲ ਫੋਨ ਦੇ ਮਾਧਿਅਮ ਰਾਹੀਂ ਲਾੜੇ-ਲਾੜੀ ਦੀ ਰਜ਼ਾਮੰਦੀ ਲਈ ਗਈ ਅਤੇ ਨਿਕਾਹ ਪੜ੍ਹਿਆ ਗਿਆ। ਇਸ ਤਰ੍ਹਾਂ ਕਾਜ਼ੀ ਨੇ ਪੰਜ ਲੋਕਾਂ ਦੀ ਮੌਜੂਦਗੀ 'ਚ ਨਿਕਾਹ ਪੜ੍ਹਵਾਇਆ।

## ਕੋਰੋਨਾ ਬਾਰੇ ਪੱਤਰਕਾਰਾਂ ਲਈ ਕੇਂਦਰ ਨੇ ਨਿਰਦੇਸ਼ ਜਾਰੀ ਕੀਤੇ

ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਕਈ ਪੱਤਰਕਾਰਾਂ 'ਤੇ ਮੀਡੀਆ ਮੁਲਾਜ਼ਮਾਂ ਦੇ ਕੋਰੋਨਾ ਪ੍ਰਭਾਵਤ ਹੋਣ ਦੇ ਕੇਸ ਪਤਾ ਲੱਗਣ ਪਿੱਛੋਂ ਸੂਚਨਾ ਤੇ ਪ੍ਰਸਾਰਨ ਮੰਤਰਾਲਾ ਨੇ ਕੱਲ੍ਹ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਲਈ ਇੱਕ ਐਡਵਾਇਜ਼ਰੀ ਜਾਰੀ ਕੀਤੀ ਹੈ। ਇਸ 'ਚ ਕੋਵਿਡ ਦੀਆਂ ਖ਼ਬਰਾਂ ਦੀ ਕਵਰੇਜ ਕਰਦੇ ਪੱਤਰਕਾਰਾਂ ਨੂੰ ਸਾਵਧਾਨੀ ਰੱਖਣ ਅਤੇ ਮੀਡੀਆ ਸੰਸਥਾਨਾਂ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਫੀਲਡ ਤੇ ਦਫ਼ਤਰੀ ਸਟਾਫ਼ ਦਾ ਖ਼ਿਆਲ ਰੱਖਣਾ।

ਮੰਤਰਾਲਾ ਵੱਲੋਂ ਜਾਰੀ ਨਿਰਦੇਸ਼ਾਂ 'ਚ ਕਿਹਾ ਗਿਆ ਹੈ ਕਿ ਸਰਕਾਰ ਨੂੰ ਪਤਾ ਲੱਗਾ ਹੈ ਕਿ ਕਈ ਮੀਡੀਆ ਮੁਲਜ਼ਮ ਵੀ ਕੋਰੋਨਾ ਪ੍ਰਭਾਵਤ ਹੋ ਗਏ ਹਨ। ਦੇਸ਼ ਦੇ ਕਈ ਹਿੱਸਿਆਂ 'ਚ ਕਵਰੇਜ ਦੌਰਾਨ ਉਹ ਇਸ ਦੀ ਲਪੇਟ 'ਚ ਆ ਗਏ ਸਨ। ਸਪੱਸ਼ਟ ਹੈ ਕਿ ਇਨ੍ਹਾਂ ਸੰਕਟ ਦੇ ਹਾਲਾਤ 'ਚ ਵੀ ਰਿਪੋਰਟਰ, ਕੈਮਰਾਮੈਨ ਤੇ ਫੋਟੋਗ੍ਰਾਫ਼ਰ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਖ਼ਬਰਾਂ ਦਾ ਪ੍ਰਕਾਸ਼ਨ ਤੇ ਪ੍ਰਸਾਰਨ ਕਰਨ ਜੁੱਟੇ ਹੋਏ ਹਨ। ਇਸ ਲਈ ਉਹ ਯਾਤਰਾ ਕਰ ਰਹੇ ਹਨ ਤੇ ਪ੍ਰਭਾਵਤ ਇਲਾਕਿਆਂ ਵਿੱਚ ਵੀ ਜਾਂਦੇ ਹਨ। ਉਨ੍ਹਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਫ਼ਰਜ਼ ਨਿਭਾਉਂਦਿਆਂ ਉਹ ਸਿਹਤ ਸੰਬੰਧੀ ਤੇ ਹੋਰ ਸਾਰੀਆਂ ਸਾਵਧਾਨੀਆਂ ਦਾ ਪਾਲਣ ਕਰਨ। ਇਸ ਲਈ ਅਖ਼ਬਾਰਾਂ ਅਤੇ ਟੀ ਵੀ ਚੈਨਲਾਂ ਦੇ ਪ੍ਰਬੰਧਕਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਉਹ ਆਪਣੇ ਸਾਰੇ ਮੁਲਾਜ਼ਮਾਂ ਦੀ ਢੁੱਕਵੀਂ ਦੇਖ-ਭਾਲ ਕਰਨ, ਭਾਵੇਂ ਉਹ ਮੁਲਾਜ਼ਮ ਦਫ਼ਤਰਾਂ 'ਚ ਹੋਣ ਜਾਂ ਫੀਲਡ 'ਚ ਕੰਮ ਕਰਦੇ ਹੋਣ। ਮੰਤਰਾਲਾ ਨੇ ਇਹ ਐਡਵਾਈਜ਼ਰੀ ਉੱਤਰ ਪ੍ਰਦੇਸ਼, ਦਿੱਲੀ ਤੇ ਕਰਨਾਟਕ ਸਰਕਾਰ ਵੱਲੋਂ ਪੱਤਰਕਾਰਾਂ ਦਾ ਕੋਰੋਨਾ ਟੈਸਟ ਕਰਾਉਣ ਦੇ ਐਲਾਨ ਤੋਂ ਅਗਲੇ ਦਿਨ ਜਾਰੀ ਕੀਤੀ ਹੈ। ਵਰਨਣਯੋਗ ਹੈ ਕਿ ਪਿਛਲੇ ਦਿਨਾਂ 'ਚ ਮਹਾਰਾਸ਼ਟਰ 'ਚ 171 ਮੀਡੀਆ ਮੁਲਾਜ਼ਮਾਂ ਦਾ ਟੈਸਟ ਕੀਤੇ ਜਾਣ 'ਤੇ 53 ਪੱਤਰਕਾਰ ਕੋਰੋਨਾ ਪਾਜ਼ੇਟਿਵ ਪਾਏ ਗਏ। ਚੇਨੱਈ ਸਥਿਤ ਇੱਕ ਟੀ ਵੀ ਚੈਨਲ ਦੇ ਮੁਲਾਜ਼ਮ ਵੀ ਕੋਰੋਨਾ ਸੰਕ੍ਰਮਿਤ ਪਾਏ ਗਏ ਹਨ।

## ਕੋਰੋਨਾ ਦਾ ਡਰ ਦਿਖਾ ਕੇ ਮਿਸ਼ੈਲ ਲਈ ਜਮਾਨਤ ਮੰਗਣ ਦੀ ਚਾਲ ਨਾਕਾਮ



ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਅਗਸਤਾ ਵੈਸਟਲੈਂਡ ਵੀ ਵੀ ਆਈ ਪੀ ਹੈਲੀਕਾਪਟਰ ਸੌਦੇ ਦੇ ਸਿਲਸਿਲੇ ਵਿੱਚ ਗ੍ਰਿਫ਼ਤਾਰ ਵਿਚੋਲੇ ਕ੍ਰਿਸ਼ਚਅਨ ਮਿਸ਼ੈਲ ਦੀ ਅੰਤਿਮ ਜਮਾਨਤ ਦੀ ਅਰਜ਼ੀ ਸੁਪਰੀਮ ਕੋਰਟ ਨੇ ਕੱਲ੍ਹ ਰੱਦ ਕਰ ਦਿੱਤੀ ਹੈ। ਤਿਹਾੜ ਜੇਲ੍ਹ ਵਿੱਚ ਬੰਦ ਮਿਲੈਸ਼ ਕੋਰੋਨਾ ਦੀ ਚਪੇਟ ਵਿੱਚ ਆਉਣ ਦਾ ਡਰ ਦੱਸ ਕੇ ਅੰਤਿਮ ਜਮਾਨਤ ਚਾਹੁੰਦਾ ਸੀ, ਪਰ ਉਸ ਦਾ ਇਹ ਦਾਅ ਵੀ ਚੱਲ ਨਹੀਂ ਸਕਿਆ ਤੇ ਅਰਜ਼ੀ ਰੱਦ ਹੋ ਗਈ ਹੈ।

ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਬੀ ਆਰ ਗਵਈ ਦੀ ਬੈਂਚ ਨੇ ਵੀਡੀਓ ਕਾਫ੍ਰੈਂਸਿੰਗ ਦੇ ਦੌਰਾਨ ਦੋਸ਼ੀ ਮਿਸ਼ੈਲ ਦੀ ਅਰਜ਼ੀ 'ਤੇ ਸੁਣਵਾਈ ਕੀਤੀ। ਮਿਸ਼ੈਲ ਦੇ ਵਕੀਲ ਅਲਜੋ ਕੇ ਜੋਸੇਫ ਦਾ ਕਹਿਣਾ ਸੀ ਕਿ ਦੋਸ਼ੀ ਦੀ ਉਮਰ ਅਤੇ ਜੇਲ੍ਹ ਵਿੱਚ ਬਹੁਤੀ ਭੀੜ ਹੋਣ ਕਾਰਨ ਨਾਲ ਉਸ ਨੂੰ ਕੋਵਿਡ-19 ਦੀ ਇਨਫੈਕਸ਼ਨ ਦਾ ਵੱਧ ਖ਼ਤਰਾ ਹੈ, ਜੋ ਉਸਦੀ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ। ਸੁਪਰੀਮ ਕੋਰਟ ਨੇ ਜਵਾਬ ਦਿੱਤਾ ਕਿ ਦੋਸ਼ੀ ਨੂੰ ਜੇਲ੍ਹ ਦੀ ਵੱਖਰੀ ਕੋਠੜੀ ਵਿੱਚ ਦੋ ਹੋਰ ਕੈਦੀਆਂ ਨਾਲ ਰਖਿਆ ਗਿਆ ਹੈ, ਇਹ ਬੈਰਕ ਨਹੀਂ ਹੈ, ਜਿੱਥੇ ਕਈ ਕੈਦੀਆਂ ਨੂੰ ਰਖਿਆ ਹੋਵੇ। ਉਸ ਨਾਲ ਰਹਿਣ ਵਾਲੇ ਦੋ ਕੈਦੀਆਂ ਵਿੱਚੋਂ ਕੋਈ ਕੋਵਿਡ ਤੋਂ ਪੀੜਤ ਨਹੀਂ ਹੈ। ਅਦਾਲਤ ਨੇ ਅਰਜ਼ੀ ਰੱਦ ਕਰ ਕੇ ਕਿਹਾ ਕਿ ਅਦਾਲਤ ਦੇ ਹੁਕਮ ਮੁਤਾਬਕ ਸਰਕਾਰ ਵੱਲੋਂ ਬਣਾਈ ਉਚ ਅਧਿਕਾਰ ਕਮੇਟੀ ਦੇ ਪੈਮਾਨੇ ਦੇ ਆਧਾਰ 'ਤੇ ਜਮਾਨਤ ਨਹੀਂ ਦਿੱਤੀ ਜਾ ਸਕਦੀ।

## ਡਾਕਟਰਾਂ ਉੱਤੇ ਹਮਲਾ ਕਰਨ ਵਾਲੇ ਨੂੰ ਸੱਤ ਸਾਲ ਲਈ ਜੇਲ੍ਹ ਜਾਣਾ ਪਵੇਗਾ



ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਅੱਗੇ ਤੋਂ ਭਾਰਤ ਵਿੱਚ ਜੇ ਕੋਈ ਡਾਕਟਰਾਂ ਤੇ ਸਿਹਤ ਵਰਕਰਾਂ 'ਤੇ ਹਮਲਾ ਕਰੇਗਾ ਤਾਂ ਘੱਟੋ-ਘੱਟ ਤਿੰਨ ਮਹੀਨਿਆਂ ਤੋਂ ਲੈ ਕੇ ਸੱਤ ਸਾਲ ਤੱਕ ਜੇਲ੍ਹ ਅਤੇ ਪੰਜ ਲੱਖ ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ। ਕੇਂਦਰ ਸਰਕਾਰ ਸਿਹਤ ਕਾਮਿਆਂ ਦੇ ਖਿਲਾਫ ਹਿੰਸਾ ਨੂੰ ਖਤਮ ਕਰਨ ਲਈ ਇੱਕ ਆਰਡੀਨੈਂਸ ਲਿਆਂਦਾ ਹੈ।

ਭਾਰਤ ਸਰਕਾਰ ਮਹਾਮਾਰੀ ਕਾਨੂੰਨ 'ਚ ਬਦਲਾਅ ਕਰ ਰਹੀ ਹੈ। ਇਸ ਬਾਰੇ ਕੇਂਦਰੀ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਅਜਿਹੇ ਅਪਰਾਧ ਅੱਗੇ ਤੋਂ ਸੰਗੀਨ ਤੇ ਗੈਰ-ਜ਼ਮਾਨਤੀ ਹੋਣਗੇ। ਇਨ੍ਹਾਂ ਦੀ ਜਾਂਚ ਤੀਹ ਦਿਨਾਂ ਵਿੱਚ ਪੂਰੀ ਕੀਤੀ ਜਾਏਗੀ। ਦੋਸ਼ੀ ਨੂੰ ਤਿੰਨ ਮਹੀਨੇ ਤੋਂ ਲੈ ਕੇ ਸੱਤ ਸਾਲ ਦੀ ਸਜ਼ਾ ਅਤੇ ਪੰਜਾਹ ਹਜ਼ਾਰ ਰੁਪਏ ਤੋਂ ਦੋ ਲੱਖ ਰੁਪਏ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ। ਮਹਾਮਾਰੀ ਰੋਗ ਐਕਟ 1897 'ਚ ਸੋਧ ਹੋਵੇਗੀ ਤੇ ਆਰਡੀਨੈਂਸ ਨੂੰ ਜਲਦੀ ਲਾਗੂ ਕੀਤਾ ਜਾਵੇਗਾ। ਕੇਂਦਰੀ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਗੰਭੀਰ ਕੇਸ ਵਿੱਚ ਦੋਸ਼ੀ ਨੂੰ ਛੇ ਮਹੀਨੇ ਤੋਂ ਸੱਤ ਸਾਲ ਦੀ ਸਜ਼ਾ ਹੋ ਸਕਦੀ ਹੈ ਅਤੇ ਇੱਕ ਲੱਖ ਰੁਪਏ ਤੋਂ ਪੰਜ ਲੱਖ ਰੁਪਏ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।

ਜਾਵਡੇਕਰ ਨੇ ਦੱਸਿਆ ਕਿ ਕੱਲ੍ਹ ਸਵੇਰੇ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਕੇਂਦਰੀ ਸਿਹਤ ਮੰਤਰੀ ਹਰਸ਼ਵਰਧਨ ਨੇ ਮੈਡੀਕਲ ਕਾਮਿਆਂ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਗੱਲ ਕੀਤੀ ਤਾਂ ਡਾਕਟਰਾਂ ਨੇ ਮੰਗ ਕੀਤੀ ਸੀ ਕਿ ਕੋਰੋਨਾ ਦੌਰਾਨ ਉਨ੍ਹਾਂ ਦੀ ਸੁਰੱਖਿਆ ਲਈ ਸਰਕਾਰ ਕਾਨੂੰਨ ਲਿਆਵੇ। ਗ੍ਰਹਿ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਡਾਕਟਰਾਂ ਅਤੇ ਨਰਸਾਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਐੱਨ ਐੱਸ ਏ, ਆਈ ਪੀ ਸੀ, ਸੀ ਆਰ ਪੀ ਸੀ ਦੇ ਬਾਵਜੂਦ ਇਹ ਆਰਡੀਨੈਂਸ ਲਿਆਉਣ ਦਾ ਫੈਸਲਾ ਕੀਤਾ ਹੈ। ਡਾਕਟਰਾਂ ਦੀ ਗੱਡੀ ਜਾਂ ਕਲੀਨਿਕ ਦਾ ਨੁਕਸਾਨ ਕਰਨ ਉੱਤੇ ਬਾਜ਼ਾਰ ਰੇਟ ਤੋਂ ਦੁੱਗਣਾ ਨੁਕਸਾਨ ਹਮਲਾਵਰਾਂ ਤੋਂ ਵਸੂਲਿਆ ਜਾਵੇਗਾ। ਮੰਤਰੀ ਨੇ ਕਿਹਾ ਕਿ ਸਿਹਤ ਸਟਾਫ ਦੇਸ਼ ਨੂੰ ਇਸ ਮਹਾਮਾਰੀ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਬਦਕਿਸਮਤੀ ਨਾਲ ਉਨ੍ਹਾਂ 'ਤੇ ਹਮਲੇ ਹੋ ਰਹੇ ਹਨ ਜਿਨ੍ਹਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

## ਓਯੋ ਵੱਲੋਂ ਮੁਲਾਜ਼ਮਾਂ ਦੀ ਤਨਖਾਹ ਵਿੱਚ ਤੀਹ ਫੀਸਦੀ ਕੱਟ, ਕੁਝ ਨੂੰ ਬਿਨਾਂ ਤਨਖਾਹੋਂ ਛੁੱਟੀ ਭੇਜਿਆ

ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਹੋਟਲ ਰੂਮ ਪ੍ਰੋਵਾਈਡਰ ਕੰਪਨੀ ਓਯੋ ਨੇ ਆਪਣੇ ਮੁਲਾਜ਼ਮਾਂ ਦੀ ਤਨਖਾਹ ਵਿੱਚ 25 ਫੀਸਦੀ ਦੀ ਕਟੌਤੀ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਅਪ੍ਰੈਲ ਤੋਂ ਜੁਲਾਈ ਤੱਕ ਲਈ ਮੁਲਾਜ਼ਮਾਂ ਦੀ ਤਨਖਾਹ 'ਤੇ ਲਾਗੂ ਹੋਵੇਗਾ। ਕੰਪਨੀ ਨੇ ਕੁਝ ਮੁਲਾਜ਼ਮਾਂ ਦੀ ਬਿਨਾਂ ਤਨਖਾਹ ਦੇ ਛੁੱਟੀ ਜਾਣ ਨੂੰ ਵੀ ਕਿਹਾ ਹੈ। ਇਨ੍ਹਾਂ ਮੁਲਾਜ਼ਮਾਂ ਨੂੰ ਚਾਰ ਮਈ ਤੋਂ ਤੀਹ ਅਗਸਤ ਤੱਕ ਲਈ ਛੁੱਟੀ 'ਤੇ ਜਾਣ ਦਾ ਹੁਕਮ ਦਿੱਤਾ ਗਿਆ ਹੈ।

ਓਯੋ ਦੇ ਚੀਫ ਐਗਜ਼ੀਕਿਊਟਿਵ ਆਫੀਸਰ ਰੋਹਿਤ ਕਪੂਰ ਨੇ ਈ-ਮੇਲ ਰਾਹੀਂ ਸਾਰੇ ਮੁਲਾਜ਼ਮਾਂ ਨੂੰ ਇਹ ਸੂਚਨਾ ਦਿੱਤੀ ਹੈ। ਕੱਲ੍ਹ ਕੰਪਨੀ ਦੇ ਟਾਊਨ ਹਾਲ ਮੀਟਿੰਗ ਤੋਂ ਬਾਅਦ ਕਪੂਰ ਵੱਲੋਂ ਇਸ ਸੰਬੰਧ ਵਿੱਚ 'ਚ ਈ-ਮੇਲ ਭੇਜੀ ਗਈ। ਰਿਪੋਰਟ ਮੁਤਾਬਕ ਕਪੂਰ ਨੇ ਆਪਣੀ ਈ-ਮੇਲ ਵਿੱਚ ਲਿਖਿਆ ਕਿ ਸਾਡੀ ਕੰਪਨੀ ਅੱਜ ਭਾਰਤ ਵਿੱਚ ਆਪਣੇ ਆਪ੍ਰੇਸ਼ਨੰਸ ਬਾਰੇ ਮੁਸ਼ਕਲ ਅਤੇ ਜ਼ਰੂਰੀ ਫੈਸਲਾ ਲੈ ਰਹੀ ਹੈ। ਅਸੀਂ ਸਾਰੇ ਮੁਲਾਜ਼ਮਾਂ ਨੂੰ ਕਿਹਾ ਹੈ ਕਿ ਉਹ 25 ਫੀਸਦੀ ਸੈਲਰੀ ਕੱਟ ਲੈਣ। ਇਹ ਅਪ੍ਰੈਲ ਤੋਂ ਜੁਲਾਈ ਦੇ ਪੇ-ਰੋਲ 'ਤੇ ਲਾਗੂ ਹੋਵੇਗਾ। ਇਹ ਉਨ੍ਹਾ ਮੁਲਾਜ਼ਮਾਂ ਲਈ ਲਾਗੂ ਨਹੀਂ ਹੋਵੇਗਾ, ਜਿਨ੍ਹਾਂ ਦੀ ਤਨਖਾਹ ਪੰਜ ਲੱਖ ਰੁਪਏ ਸਾਲਾਨਾ ਤੋਂ ਘੱਟ ਹੈ। ਮੇਲ 'ਚ ਲੀਵ ਵਿਦ ਆਊਟ ਪੇ 'ਤੇ ਭੇਜੇ ਗਏ ਮੁਲਾਜ਼ਮਾਂ ਨੂੰ ਕਿਹਾ ਗਿਆ ਹੈ ਕਿ ਕੁਝ ਮੁਲਾਜ਼ਮਾਂ ਨੂੰ ਚਾਰ ਮਈ 2020 ਤੋਂ ਅਗਸਤ 2020 ਤੱਕ ਬਿਨਾਂ ਤਨਖਾਹ ਛੁੱਟੀ ਉੱਤੇ ਭੇਜਿਆ ਜਾ ਰਿਹਾ ਹੈ। ਇਸ ਦੌਰਾਨ ਉਨ੍ਹਾਂ ਨੂੰ ਕੰਪਨੀ ਵੱਲੋਂ ਮਿਲਣ ਵਾਲੇ ਹੋਰ ਸੀਮਿਤ ਵਾਧੂ ਲਾਭ ਜਾਰੀ ਰਹਿਣਗੇ।

ਕਪੂਰ ਵੱਲੋਂ ਭੇਜੀ ਮੇਲ 'ਚ ਸਪੱਸ਼ਟ ਕੀਤਾ ਗਿਆ ਹੈ ਕਿ ਜਿਨ੍ਹਾਂ ਮੁਲਾਜ਼ਮਾਂ ਨੂੰ ਛੁੱਟੀ ਭੇਜਿਆ ਗਿਆ ਹੈ ਉਨ੍ਹਾਂ ਨੂੰ ਛੁੱਟੀ ਦੌਰਾਨ ਮੈਡੀਕਲ, ਇੰਸ਼ੋਰੈਂਸ ਜਾਂ ਹੋਰ ਪੇਰੈਂਟਲ ਇੰਸ਼ੋਰੈਂਸ ਦੀ ਸਹੂਲਤ ਮਿਲੇਗੀ। ਇਸ ਤੋਂ ਇਲਾਵਾ ਸਕੂਲ ਫੀਸ ਦੇ ਰਿਮਬਰਸਮੈਂਟ ਦੀ ਸਹੂਲਤ ਪਹਿਲਾਂ ਵਾਂਗ ਜਾਰੀ ਰਹੇਗੀ। ਜੇ ਕੋਈ ਮੈਡੀਕਲ ਐਮਰਜੈਂਸੀ ਦੀ ਸਥਿਤੀ ਕਿਸੇ ਮੁਲਾਜ਼ਮ ਦੇ ਨਾਲ ਆਉਂਦੀ ਹੈ ਤਾਂ ਕੰਪਨੀ ਮੈਡੀਕਲ ਇੰਸ਼ੋਰੈਂਸ਼ ਨਾਲ ਵੀ ਉਨ੍ਹਾਂ ਦੀ ਮਦਦ ਕੀਤੀ ਜਾਏਗੀ।



# ਕੈਲੇਫੋਰਨੀਆ ਵਿੱਚ ਮਾਸਕ ਦੀ ਕਮੀ, ਡਿਲੀਵਰੀ ਉਤੇ ਟਿਪ ਵੀ ਲੈਂਦੇ ਨੇ

ਕਿਊਪਟ੍ਰਿਨੋ, 23 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਦੇ ਦਿਨਾਂ ਵਿੱਚ ਅਮਰੀਕਾ ਦੇ ਰਾਜਾਂ ਵਿੱਚ ਜਿਹੜੀ ਹਾਲਤ ਹੈ, ਉਹ ਕਿਸੇ ਨਾ ਕਿਸੇ ਰੂਪ ਵਿੱਚ ਬਾਹਰ ਆ ਰਹੀ ਹੈ। ਪਤਾ ਲੱਗਾ ਹੈ ਕਿ ਕੈਲੇਫੋਰਨੀਆ ਵਰਗੇ ਰਾਜਾਂ ਅੰਦਰ ਹਾਲਤ ਇਹ ਹੈ ਕਿ ਮਾਸਕ ਵੀ ਪੂਰੇ ਨਹੀਂ ਮਿਲ ਰਹੇ।

ਇਸ ਸੰਬੰਧ ਵਿੱਚ ਕਿਊਪਟ੍ਰਿਨੋ ਤੋਂ ਸੁਚਿਤਾ ਬਾਂਸਲ ਨੇ ਕਿਹਾ ਕਿ ਉਹ ਕੈਲੇਫੋਰਨੀਆ ਵਿੱਚ 15 ਸਾਲ ਤੋਂ ਰਹਿ ਰਹੀ ਹੈ। ਇੰਨਾ ਭਿਆਨਕ ਮਾਹੌਲ ਅਮਰੀਕਾ ਨੇ ਪਹਿਲਾਂ ਕਦੇ ਨਹੀਂ ਦੇਖਿਆ। ਅਸੀਂ ਕਿਊਪਟ੍ਰਿਨੋ ਵਿੱਚ ਰਹਿੰਦੇ ਹਾਂ। ਨੇੜੇ ਹੀ ਐਪਲ ਦਾ ਹੈੱਡਕੁਆਰਟਰ ਹੈ। ਕੈਲੇਫੋਰਨੀਆ ਵਿੱਚ ਭਾਰਤੀ ਮੂਲ ਦੇ 10 ਲੱਖ ਤੋਂ ਵੱਧ ਲੋਕ ਹਨ। ਕੋਰੋਨਾ ਦੇ ਬਾਰੇ ਖੁਲਾਸਾ 20 ਜਨਵਰੀ ਨੂੰ ਵਟਸਐਪ ਗਰੁੱਪ 'ਤੇ ਆਈ ਸੂਚਨਾ ਤੋਂ ਹੋਇਆ ਸੀ। ਮੈਸੇਜ ਇਥੋਂ ਦੇ ਚਾਈਨਾ ਟਾਊਨ ਵਿੱਚ 25 ਜਨਵਰੀ ਨੂੰ ਹੋਣ ਵਾਲੇ ਚੀਨੀ ਨਿਊ ਈਅਰ ਕਾਰਨੀਵਾਲ ਦੇ ਬਾਰੇ ਸੀ। ਸਾਨੂੰ ਇਸ ਪ੍ਰੋਗਰਾਮ ਤੋਂ ਦੂਰ ਰਹਿਣ ਨੂੰ ਕਿਹਾ ਗਿਆ। ਦੋ ਮਾਰਚ ਨੂੰ ਚਿੰਤਾ ਉਦੋਂ ਹੋਰ ਵਧ ਗਈ, ਜਦੋਂ ਚੀਨੀ ਗੁਆਂਢੀਆਂ ਨੇ ਬੱਚਿਆਂ ਨੂੰ ਸਕੂਲ ਭੇਜਣਾ ਬੰਦ ਕਰ ਦਿੱਤਾ। ਦੇਸ਼ ਵਿੱਚ ਲਾਕਡਾਊਨ ਦਾ ਫੈਸਲਾ ਕੋਰੋਨਾ ਫੈਲਣ ਦੇ ਬਾਅਦ ਲਿਆ ਗਿਆ ਸੀ, ਪਹਿਲਾਂ ਲਾਗੂ ਕਰ ਦਿੰਦੇ ਤਾਂ ਸਥਿਤੀ ਨਾ ਵਿਗੜਦੀ। ਲਾਕਡਾਊਨ ਦੇ ਬਾਅਦ ਬੱਚਿਆਂ ਦਾ ਸਕੂਲ, ਮੇਰਾ ਟਰੈਵਲ ਬਿਜ਼ਨਸ ਕਰੀਬ-ਕਰੀਬ ਠੱਪ ਹੋ ਗਿਆ। ਸੁਚਿ-ਤਾ ਨੇ ਕਿਹਾ ਕਿ ਮੇਰੇ ਪਤੀ ਨਰਿੰਦਰ ਸਿੰਘਲ, ਜੋ ਗੂਗਲ ਵਿੱਚ ਡਾਇਰੈਕਟਰ ਹਨ, ਵੀ ਘਰੋਂ ਕੰਮ ਕਰ ਰਹੇ ਹਨ। ਦੋ ਮਹੀਨੇ ਦਾ ਰਾਸ਼ਨ ਪਹਿਲਾਂ ਹੀ ਖਰੀਦ ਲਿਆ ਸੀ, ਇਸ ਲਈ ਖਾਣੇ ਦੀ ਚਿੰਤਾ ਨਹੀਂ ਹੈ। ਅਜੇ ਇਥੇ ਸਿਰਫ ਕਰਿਆਨਾ ਸਟੋਰ, ਹਸਪਤਾਲ, ਦਵਾ ਦੀਆਂ ਦੁਕਾਨਾਂ, ਪਲੰਬਰ ਸਰਵਿਸ ਤੇ ਆਟੋ ਰਿਪੇਅਰਿੰਗ ਦੀਆਂ ਦੁਕਾਨਾਂ ਖੁੱਲ੍ਹੀਆਂ ਹਨ। ਕਰੀਬ ਪੰਜ ਸੌ ਡਾਲਰ ਦੀ ਆਨਲਾਈਨ ਸ਼ਾਪਿੰਗ ਕਰਨ 'ਤੇ ਹੋਮ ਡਿਲੀਵਰੀ ਬੇਸ਼ੱਕ ਹੁੰਦੀ ਹੈ। ਇਸ 'ਤੇ ਸ਼ਿਪਮੈਂਟ ਚਾਰਜ ਤੇ ਟਿਪ ਵੀ ਵਸੂਲੀ ਜਾਂਦੀ ਹੈ। ਟਿਪ ਦਸ-ਬਾਰਾਂ ਡਾਲਰ ਹੈ। ਈ-ਕਾਮਰਸ ਪਲੇਟਫਾਰਮ 'ਤੇ ਮਾਸਕ ਨਹੀਂ ਮਿਲਦੇ। ਸਟੋਰਾਂ 'ਤੇ ਵਾਈਪਸ, ਹੈਂਡ ਸੈਨੇਟਾਈਜ਼ਰ, ਟਾਇਲੈਟ ਪੇਪਰ ਮੁਸ਼ਕਲ ਨਾਲ ਮਿਲਦੇ ਹਨ। ਏਅਰਲਾਈਨ ਕੰਪਨੀਆਂ ਆਫਰ ਦੇਣ ਲੱਗੀਆਂ ਹਨ ਕਿ ਲੋਕ ਟਿਕਟ ਬੁੱਕ ਕਰਾ ਕੇ 760 ਦਿਨ ਦੇ ਅੰਦਰ ਡੈਸਟੀਨੇਸ਼ਨ ਬਦਲ ਸਕਦੇ ਹਨ, ਪਰ ਲੋਕਾਂ ਨੇ ਰੁਚੀ ਨਹੀਂ ਦਿਖਾਈ। ਬੱਚੇ ਆਨਲਾਈਨ ਪੜ੍ਹ ਰਹੇ ਹਨ। 10 ਜੂਨ ਦੇ ਬਾਅਦ ਸਕੂਲ ਦੀਆਂ ਛੁੱਟੀਆਂ ਹੁੰਦੀਆਂ ਹਨ।

# ਅਮਰੀਕੀ ਰਾਜ ਮਸੂਰੀ ਨੇ ਕੋਰੋਨਾ ਵਾਇਰਸ ਨਾਲ ਨਜਿੱਠਣ ਬਾਰੇ ਚੀਨ ਉੱਤੇ ਮੁਕੱਦਮਾ ਕੀਤਾ

ਵਾਸ਼ਿੰਗਟਨ, 23 ਅਪ੍ਰੈਲ (ਪੋਸਟ ਬਿਊਰੋ)- ਕੋਵਿਡ-19 ਨਾਲ ਨਜਿੱਠਣ ਬਾਰੇ ਚੀਨ ਦੇ ਵਿਰੁੱਧ ਕੇਸ ਦਰਜ ਕਰਾਉਣ ਵਾਲਾ ਮਿਸੂਰੀ ਅਮਰੀਕਾ ਦਾ ਪਹਿਲਾ ਰਾਜ ਬਣ ਗਿਆ ਹੈ ਜਿਸ ਨੇ ਦੋਸ਼ ਲਾਇਆ ਹੈ ਕਿ ਚੀਨ ਨੇ ਕੋਰੋਨਾ ਵਾਇਰਸ ਨੂੰ ਬਾਰੇ ਜਾਣਕਾਰੀਆਂ ਲੁਕਾਈਆਂ, ਇਸ ਦਾ ਪਰਦਾ ਫਾਸ਼ ਕਰਨ ਵਾਲੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਅਤੇ ਇਸ ਦੇ ਫੈਲਣ ਤੋਂ ਇਨਕਾਰ ਕੀਤਾ ਜਿਸ ਨਾਲ ਦੁਨੀਆ ਭਰ ਦੇ ਦੇਸ਼ਾਂ ਨੂੰ ਕਦੇ ਪੂਰਾ ਨਹੀਂ ਹੋਣ ਵਾਲਾ ਨੁਕਸਾਨ ਹੋਇਆ ਹੈ।



ਈਸਟਰਨ ਡਿਸਟ੍ਰਿਕਟ ਮਿਸੂਰੀ ਦੀ ਇੱਕ ਅਦਾਲਤ ਵਿੱਚ ਉਥੇ ਦੇ ਅਟਾਰਨੀ ਜਨਰਲ ਏਰਿਕ ਸ਼ਿਮਿਟ ਨੇ ਚੀਨ ਦੀ ਸਰਕਾਰ, ਉਥੋਂ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਅਤੇ ਹੋਰ ਚੀਨੀ ਅਧਿਕਾਰੀਆਂ ਅਤੇ ਸੰਸਥਾਨਾਂ ਦੇ ਵਿਰੁੱਧ ਆਪਣੀ ਤਰ੍ਹਾਂ ਦਾ ਪਹਿਲਾ ਕੇਸ ਦਰਜ ਕਰਾਇਆ ਹੈ। ਇਸ 'ਚ ਦੋਸ਼ ਲਾਇਆ ਗਿਆ ਹੈ ਕਿ ਕੋਰੋਨਾ ਵਾਇਰਸ ਦੇ ਫੈਲਣ ਦੇ ਸ਼ੁਰੂ ਦੇ ਹਫਤਿਆਂ 'ਚ ਚੀਨ ਦੇ ਅਧਿਕਾਰੀਆਂ ਨੇ ਜਨਤਾ ਨੂੰ ਧੋਖਾ ਦਿੱਤਾ, ਜ਼ਰੂਰੀ ਸੂਚਨਾਵਾਂ ਨੂੰ ਲੁਕ-ਾਇਆ, ਇਸ ਬਾਰੇ ਜਾਣਕਾਰੀ ਸਾਹ-ਮਣੇ ਲਿਆਉਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ, ਪੂਰੇ ਸਬੂਤ ਹੋਣ ਦੇ ਬਾਵਜੂਦ ਮਨੁੱਖ ਤੋਂ ਮਨੁੱਖ ਵਿੱਚ ਪ੍ਰਭਾਵ ਦੀ ਗੱਲ ਤੋਂ ਇਨਕਾਰ ਕੀਤਾ, ਲੋਕਾਂ ਨੂੰ ਵਾਇਰਸ ਦੀ ਲਪੇਟ ਵਿੱਚ ਆਉਣ ਦਿੱਤਾ ਅਤੇ ਇਥੇ ਤੱਕ ਕਿ ਨਿੱਜੀ ਸੁਰੱਖਿਆ ਜੰਤਰਾਂ (ਪੀ ਪੀ ਈ) ਦੀ ਜਮ੍ਹਾਖੋਰੀ ਕੀਤੀ ਜਿਸ ਨਾਲ ਮਹਾਂਮਾਰੀ ਗਲੋਬਲ ਹੋ ਗਈ। ਸ਼ਿਮਿਟ ਨੇ ਕਿਹਾ ਕਿ ਕੋਵਿਡ-19 ਨੇ ਦੁਨੀਆ ਦੇ ਦੇਸ਼ਾਂ ਨੂੰ ਕਦੇ ਨਾ ਪੂਰਾ ਹੋਣ ਵਾਲਾ ਨੁਕਸਾਨ ਕੀਤਾ ਹੈ। ਬਿਮਾਰੀ ਤੇਜ਼ੀ ਨਾਲ ਫੈਲੀ ਹੈ, ਲੋਕਾਂ ਦੀ ਮੌਤ ਹੋਈ ਹੈ, ਆਰਥਕ ਨੁਕਸਾਨ ਦੇ ਨਾਲ ਮਨੁੱਖੀ ਨੁਕਸਾਨ ਹੋਇਆ ਹੈ। ਕੇਸ ਮੁਤਾਬਕ ਦਸੰਬਰ ਦੇ ਅੰਤਿਮ ਹਫਤੇ ਤੱਕ ਚੀਨ ਦੇ ਸਿਹਤ ਅਧਿਕਾਰੀਆਂ ਦੇ ਕੋਲ ਲੋਕਾਂ ਵਿੱਚ ਵਾਇਰਸ ਪ੍ਰਭਾਵ ਦੇ ਪੂਰੇ ਸਬੂਤ ਸਨ। ਜਾਨ ਹੋਪਕਿਨਸ ਯੂਨੀਵਰਸਿਟੀ ਦੇ ਅੰਕੜਿਆਂ ਦੇ ਮੁਤਾਬਕ ਅਮਰੀਕਾ 'ਚ ਕੋਵਿਡ 19 ਦੇ ਕਾਰਨ 45 ਹਜ਼ਾਰ ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ ਅਤੇ 824,000 ਤੋਂ ਵੱਧ ਲੋਕ ਇਸ ਨਾਲ ਪ੍ਰਭਾਵਤ ਹਨ।

ਫਰਾਂਸ ਦਾ ਦਾਅਵਾ

# ਵੁਹਾਨ ਲੈਬ ਵਿੱਚ ਕੋਰੋਨਾ ਦਾ ਕੋਈ ਸਬੂਤ ਨਹੀਂ ਮਿਲਿਆ

ਪੈਰਿਸ, 23 ਅਪ੍ਰੈਲ (ਪੋਸਟ ਬਿਊਰੋ)- ਦੁਨੀਆ ਭਰ ਦੇ ਦੇਸ਼ ਕੋਰੋਨਾ ਵਾਇਰਸ ਦੇ ਇਨਫੈਕਸ਼ਨ ਤੋਂ ਪਰੇਸ਼ਾਨ ਹਨ। ਸ਼ੁਰੂ ਤੋਂ ਹੀ ਇਸ ਵਾਇਰਸ ਦੇ ਚੀਨ ਤੋਂ ਫੈਲਣ ਦੀ ਗੱਲ ਕਹੀ ਜਾ ਰਹੀ ਹੈ। ਅੱਜ ਤੱਕ ਕਈ ਦੇਸ਼ ਦੇ ਪ੍ਰਮੁਖ ਕਹਿੰਦੇ ਰਹੇ ਹਨ ਕਿ ਕੋਰੋਨਾ ਵਾਇਰਸ ਚੀਨ ਦੀ ਮੀਟ ਮਾਰਕੀਟ ਜਾ ਉਥੇ ਦੀ ਵਾਅਰੋਲਾਜੀ ਲੈਬ ਤੋਂ ਫੈਲਿਆ ਤੇ ਸਾਰੀ ਦੁਨੀਆ ਨੂੰ ਚਪੇਟ ਵਿੱਚ ਲੈ ਲਿਆ ਹੈ। ਵੁਹਾਨ ਵਿੱਚ ਇਸ ਲੈਬ ਨੂੰ ਬਣਾਉਣ ਵਾਲੇ ਫਰਾਂਸ ਨੇ ਇੱਕ ਨਵਾਂ ਬਿਆਨ ਦੇ ਦਿੱਤਾ ਹੈ।

ਇਸ ਸੰਬੰਧ ਵਿੱਚ ਫਰਾਂਸ ਨੇ ਦਾਅਵਾ ਕੀਤਾ ਹੈ ਕਿ ਵੁਹਾਨ ਦੀ ਲੈਬ ਵਿੱਚ ਅਜਿਹਾ ਕੋਈ ਸਬੂਤ ਨਹੀਂ ਮਿਲਿਆ, ਜਿਸ ਨਾਲ ਇਹ ਕਿਹਾ ਜਾਏ ਕਿ ਕੋਰੋਨਾ ਵਾਇਰਸ ਇਸ ਲੈਬ ਤੋਂ ਫੈਲਿਆ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰਾਂ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਅਸੀਂ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਅੱਜ ਤੱਕ ਅਮਰੀਕੀ ਪ੍ਰੈਂਸ ਵਿੱਚ ਕੋਵਿਡ-19 ਦੀ ਉਤਪਤੀ ਅਤੇ ਵੁਹਾਨ, ਚੀਨ ਦੀ ਪੀ4 ਲੈਬਾਰਟਰੀ ਦੇ ਕੰਮ ਨੂੰ ਜੋੜਨ ਵਾਲੀਆਂ ਤਾਜ਼ਾ ਰਿਪੋਰਟਾਂ ਦੀ ਪੁਸ਼ਟੀ ਦਾ ਕੋਈ ਤੱਥ ਨਹੀਂ ਮਿ-ਲਆ। ਸਾਲ 2004 ਵਿੱਚ ਫਰਾਂਸ ਨੇ ਓਦੋਂ ਦੇ ਵਿਦੇਸ਼ ਮੰਤਰੀ ਮਿਲੇਸ਼ ਬਾਰਨਿਅਰ ਵੱਲੋਂ ਚੀਨ ਨਾਲ ਏਗ੍ਰੀਮੈਂਟ ਸਾਈਨ ਕੀਤਾ ਗਿਆ ਸੀ, ਜਿਸ ਵਿੱਚ ਤਹਿ ਕੀਤਾ ਗਿਆ ਸੀ ਕਿ ਇੰਫੈਕਸ਼ਨ ਨਾਲ ਫੈਲਣ ਵਾਲੇ ਰੋਗਾਂ ਦੀ ਜਾਂਚ ਲਈ ਇੱਕ ਲੈਬ ਬਣਾਈ ਜਾਏ। ਦੋਵਾਂ ਦੇਸ਼ਾਂ ਦੇ ਵਿੱਚ ਸਹਿਮਤੀ ਬਣਨ ਦੇ ਬਾਅਦ ਇਸ ਲੈਬਾਰਟਰੀ ਨੂੰ ਸਥਾਪਿਤ ਕੀਤਾ ਗਿਆ ਸੀ, ਇਸ ਵਿੱਚ ਸਾਰੇ ਤਰ੍ਹਾਂ ਦੇ ਰਿਸਰਚ ਦੇ ਕੰਮ ਚਲਦੇ ਰਹਿੰਦੇ ਹਨ।

# ਕੋਰੋਨਾ ਦਾ ਸਭ ਤੋਂ ਖ਼ਤਰਨਾਕ ਰੂਪ ਹਾਲੇ ਆਉਣੈ: ਡਬਲਿਊ ਐੱਚ ਓ

ਜਨੇਵਾ, 23 ਅਪ੍ਰੈਲ (ਪੋਸਟ ਬਿਊਰੋ)- ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਨੇ ਕੋਰੋਨਾ ਵਾਇਰਸ ਦੇ ਵਿਸ਼ਵ ਇਨਫੈਕਸ਼ਨ 'ਤੇ ਚਿਤਾਵਨੀ ਦਿੱਤੀ ਹੈ ਇਸ ਮਹਾਮਾਰੀ ਦਾ ਸਭ ਤੋਂ ਖ਼ਤਰਨਾਕ ਰੂਪ ਹਾਲੇ ਆਉਣਾ ਹੈ।



ਡਬਲਯੂ ਐਚ ਓ ਦੇ ਮੁਖੀ ਨੇ ਕਿਹਾ, 'ਸਾਡਾ ਯਕੀਨ ਕਰੋ। ਇਸ ਤੋਂ ਮਾੜਾ ਦੌਰ ਅੱਗੇ ਆਉਣ ਵਾਲਾ ਹੈ।' ਇਸ ਵਿਸ਼ਵ ਸੰਸਥਾ ਦਾ ਕਹਿਣਾ ਹੈ ਕਿ ਜੇ ਆਰਥਿਕ ਕਾਰਨ ਨਾਲ ਲਾਕਡਾਊਨ 'ਚ ਕਿਤੇ ਢਿੱਲ ਦਿੱਤੀ ਗਈ ਤਾਂ ਇਹ ਵਿਸ਼ਵ ਮਹਾਮਾਰੀ ਪੂਰੀ ਤਾਕਤ ਨਾਲ ਫਿਰ ਸਿਰ ਚੁੱਕ ਲਵੇਗੀ। ਜਨੇਵਾ ਵਿੱਚ ਡਬਲਯੂ ਐਚ ਓ ਦੇ ਡਾਇਰੈਕਟਰ ਜਨਰਲ ਟੇਡ੍ਰੋ ਅਧਨੋਮ ਗੇਬ੍ਰੇਏਸਿਸ ਨੇ ਕੱਲ੍ਹ ਨੂੰ ਮੀਡੀਆ ਨੂੰ ਕਿਹਾ ਕਿ ਇਸ ਮਹਾਮਾਰੀ ਦੀ ਤ੍ਰਾਸਦੀ ਤੋਂ ਬਚਾਅ ਦੀ ਕੋਸ਼ਿਸ਼ ਕਰੋ। ਇਹ ਇਸ ਖ਼ਤਰਨਾਕ ਵਾਇਰਸ ਨੂੰ ਬਹੁਤੇ ਲੋਕ ਹਾਲੇ ਸਮਝ ਨਹੀਂ ਰਹੇ। ਕੋਈ ਦੇਸ਼ਾਂ ਵਿੱਚ ਪੱਖਪਾਤ ਅਤੇ ਲਾਪਰਵਾਹੀ ਦੇ ਦੋਸ਼ਾਂ ਦਾ ਸਾਹ-ਮਣਾ ਕਰ ਰਹੇ ਡਬਲਯੂ ਐਚ ਓ ਦੇ ਮੁਖੀ ਟੇਡ੍ਰੋ ਨੇ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਕੁਝ ਵੀ ਲੁਕਾ ਨਹੀਂ ਰਿਹਾ। ਇਸ ਮਾਮਲੇ 'ਚ ਕੁਝ ਵੀ ਲੁਕਾਉਣਾ ਜਾਂ ਗੁਪਤ ਰੱਖਣਾ ਬਹੁਤ ਖ਼ਤਰਨਾਕ ਸਾਬਿਤ ਹੋ ਸਕਦਾ ਹੈ। ਇਹ ਬਹੁਤ ਖ਼ਤਰਨਾਕ ਵਾਇਰਸ ਨਾਲ ਸਬੰਧਤ ਸਿਹਤ ਦਾ ਮੁੱਦਾ ਹੈ। ਸਾਡੇ ਵਿਚਕਾਰ ਮਤਭੇਦਾਂ ਦਾ ਲਾਭ ਇਹ ਵਾਇਰਸ ਚੁੱਕ ਲਵੇਗਾ। ਡਬਲਯੂ ਐਚ ਓ ਦੇ ਮੁਖੀ ਨੇ ਕਿਹਾ ਕਿ ਯੂ ਐਸ ਸੈਂਟਰ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ (ਸੀ ਡੀ ਐਸ) ਦੇ ਅਸਟਾਫ ਨੂੰ ਡਬਲਯੂ ਐਚ ਓ ਦੇ ਨਾਲ ਕੰਮ ਕਰਨ ਲਈ ਕਿਹਾ ਗਿਆ ਹੈ। ਇਸ ਸਥਿਤੀ 'ਚ ਅਮਰੀਕਾ ਤੋਂ ਕੁਝ ਵੀ ਲੁਕਾਉਣਾ ਸੰਭਵ ਨਹੀਂ। ਉਨ੍ਹਾਂ ਕਿਹਾ ਕਿ ਇਹੀ ਡਬਲਯੂ ਐਚ ਓ ਦੀ ਪਾਰਦਰਸ਼ਤਾ ਦੀ ਪਛਾਣ ਹੈ। ਸੀ ਡੀ ਐਸ ਸਟਾਫ ਨਾਲ ਹੋਣ ਦਾ ਮਤਲਬ ਇਹੀ ਹੈ ਕਿ ਪਹਿਲੇ ਦਿਨ ਤੋਂ ਅਮਰੀਕਾ ਨੂੰ ਸਭ ਕੁਝ ਪਤਾ ਹੈ। ਸਾਡੇ ਸੀ ਡੀ ਐਸ ਸਾਥੀਆਂ ਨੂੰ ਵੀ ਪਤਾ ਹੈ ਕਿ ਅਸੀਂ ਸਾਰੀ ਜਾਣਕਾਰੀਆਂ ਤੁਰੰਤ ਦੇ ਦਿੰਦੇ ਹਾਂ।

# ਬ੍ਰਿਟੇਨ ਦੇ ਐਮਰਜੈਂਸੀ ਸੇਵਾਵਾਂ ਦੇਣ ਵਾਲੇ ਪਹਿਲੇ ਸਿੱਖ ਡਾਕਟਰ ਦੀ ਕੋਰੋਨਾ ਨਾਲ ਮੌਤ

* ਅਮਰੀਕਾ ਵਿਚ ਤਿੰਨ ਡਾਕਟਰਾਂ ਦੀ ਮੌਤ

ਲੰਡਨ, 23 ਅਪ੍ਰੈਲ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਭਾਰਤੀ ਮੂਲ ਦੇ ਇੱਕ ਡਾਕਟਰ ਦੀ ਕੋਵਿਡ-19 ਦੀ ਲਪੇਟ ਵਿੱਚ ਆਉਣ ਕਾਰਨ ਸੋਮਵਾਰ ਨੂੰ ਮੌਤ ਹੋ ਗਈ। ਉਨ੍ਹਾ ਦਾ ਨਾਂਅ ਮਨਜੀਤ ਸਿੰਘ ਰਿਆਤ ਸੀ, ਜਿਨ੍ਹਾਂ ਦਾ ਡਰਬੀਸ਼ਾਇਰ ਵਿੱਚ ਡਾਕਟਰ ਬਹੁਤ ਸਨਮਾਨ ਕਰਦੇ ਹਨ। ਉਹ ਐਮਰਜੈਂਸੀ ਮੈਡੀਕਲ ਸਲਾਹਕਾਰ ਸਨ।

ਡਾਕਟਰ ਮਨਜੀਤ ਸਿੰਘ ਰਿਆਤ ਨੇ 1992 ਵਿੱਚ ਯੂਨੀਵਰਸਿਟੀ ਆਫ ਲੀਸਟਰ ਤੋਂ ਮੈਡੀਕਲ ਪੜ੍ਹਾਈ ਕੀਤੀ ਸੀ। ਉਹ ਨੈਸ਼ਨਲ ਹੈੱਲਥ ਸਰਵਿਸ ਦੇ ਦੁਰਘਟਨਾ ਅਤੇ ਐਮਰਜੈਂਸੀ ਸੇਵਾ ਵਿੱਚ ਸਲਾਹਕਾਰ ਬਣਨ ਵਾਲੇ ਪਹਿਲੇ ਸਿੱਖ ਸਨ। ਉਨ੍ਹਾਂ ਦੇ ਹਸਪਤਾਲ ਦੇ ਟਰੱਸਟ ਨੇ ਦੱਸਿਆ ਕਿ ਉਨ੍ਹਾਂ ਨੇ ਡਰਬੀਸ਼ਾਇਰ ਦੀ ਐਮਰਜੈਂਸੀ ਮੈਡੀਕਲ ਸੇਵਾ ਦੇ ਕੰਮ ਵਿੱਚ ਬਹੁਤ ਵੱਡੀ ਭੂਮਿਕਾ ਸੀ। ਯੂਨੀਵਰਸਿਟੀ ਹਸਪਤਾਲ ਆਫ ਡਰਬੀ ਐਂਡ ਬਰਨਟਨ ਦੇ ਮੁੱਖ ਕਾਰਜਕਾਰੀ ਅਫਸਰ ਗੈਵਿਨ ਬਾਇਲ ਨੇ ਕਿਹਾ, ਮੈਂ ਮਨਜੀਤ ਰਿਆਤ ਨੂੰ ਸ਼ਰਧਾਂਜਲੀ ਦੇਣਾ ਚਾਹੁੰਦਾ ਹਾਂ ਜਿਨ੍ਹਾਂ ਦਾ ਕੱਲ੍ਹ ਦਿਹਾਂਤ ਹੋ ਗਿਆ ਹੈ। ਉਹ ਅਵਿਸ਼ਵਾਸੀ ਤੌਰ 'ਤੇ ਆਕਰਸ਼ਕ ਵਿਅਕਤੀ ਸਨ ਜਿਨ੍ਹਾਂ ਨੂੰ ਸਾਰੇ ਪਿਆਰ ਕਰਦੇ ਸਨ। ਉਹ ਹਸਪਤਾਲ ਵਿੱਚ ਬਹੁਤ ਸਾਰੇ ਲੋਕਾਂ ਨੂੰ ਜਾਣਦੇ ਸਨ। ਅਸੀਂ ਉਨ੍ਹਾਂ ਨੂੰ ਬਹੁਤ ਯਾਦ ਕਰਾਂਗੇ।



ਰਿਆਤ ਦੀ ਸਾਥੀ ਸੁਸੀ ਬੇਵਿਟ ਨੇ ਕਿਹਾ, 2003 ਵਿੱਚ ਮਨਜੀਤ ਡਰਬੀਸ਼ਾਇਰ ਰੋਇਲ ਇਨਫਰਮਰੀ ਵਿੱਚ ਐਮਰਜੈਂਸੀ ਮੈਡੀਕਲ ਵਿੱਚ ਚਾਰ ਵਿੱਚੋਂ ਇੱਕ ਸਲਾਹਕਾਰ ਬਣੇ ਸਨ। ਮਨਜੀਤ ਦਾ ਇੱਕ ਸਾਥੀ, ਸੁਪਰਵਾਈਜ਼ਰ ਅਤੇ ਰੱਖਿਅਕ ਦੇ ਰੂਪ ਵਿੱਚ ਕਾਫੀ ਸਨਮਾਨ ਕੀਤਾ ਜਾਂਦਾ ਸੀ। ਕਰੀਅਰ ਦੇ ਦੌਰਾਨ ਉਨ੍ਹਾਂ ਦਾ ਸਿਖਿਆ ਤੇ ਮੈਡੀਕਲ ਸਿਖਿਆ ਵਿੱਚ ਯੋਗਦਾਨ ਬਾਰੇ ਜਨੂੰਨ ਸੀ। ਉਹ ਕਈ ਹੁਨਰਾਂ ਦੇ ਮਾਲਕ ਸਨ, ਪਰ ਐਮਰਜੈਂਸੀ ਮੈਡੀਕਲ ਸਲਾਹਕਾਰ ਦੇ ਰੂਪ ਵਿੱਚ ਉਹ ਬਿਹਤਰੀਨ ਸਨ। ਰਿਆਤ ਦੇ ਪਰਵਾਰ ਵਿੱਚ ਪਤਨੀ ਅਤੇ ਦੋ ਬੇਟੇ ਹਨ। ਇਸ ਤੋਂ ਪਹਿਲਾਂ ਇਸ ਮਹੀਨੇ ਦੀ ਸ਼ੁਰੂਆਤ ਵਿੱਚ ਭਾਰਤੀ ਮੂਲ ਦੇ ਡਾਕਟਰ ਜਤਿੰਦਰ ਕੁਮਾਰ ਰਾਠੌੜ ਦੀ ਮੌਤ ਹੋ ਗਈ ਸੀ।

ਇਸ ਦੌਰਾਨ ਅਮਰੀਕਾ ਵਿੱਚ ਪਿਛਲੇ ਹਫਤੇ ਕੋਰੋਨਾ ਦੇ ਵਿਰੁੱਧ ਲੜਾਈ ਲੜਦੇ ਤਿੰਨ ਭਾਰਤੀ ਡਾਕਟਰਾਂ ਦੀ ਮੌਤ ਹੋ ਗਈ ਹੈ। ਅਮਰੀਕਾ ਦੇ ਨਿਊ ਯਾਰਕ ਵਿੱਚ ਕੋਰੋਨਾ ਇਨਫੈਕਟਿਡ ਮਰੀਜ਼ ਦਾ ਇਲਾਜ ਕਰਨ ਦੌਰਾਨ ਡਾਕਟਰ ਮਾਧਵੀ ਅਤੇ ਇਕ ਹੋਰ ਡਾਕਟਰ ਨੂੰ ਬਚਾਇਆ ਨਹੀਂ ਜਾ ਸਕਿਆ।

# ਪਾਕਿਸਤਾਨ ਨੇ ਚਾਰ ਹਜ਼ਾਰ ਅੱਤਵਾਦੀਆਂ ਦੇ ਨਾਂਅ ਨਿਗਰਾਨ ਸੂਚੀ ਤੋਂ ਕੱਟੇ

ਲਾਹੌਰ, 23 ਅਪ੍ਰੈਲ (ਪੋਸਟ ਬਿਊਰੋ)- ਬੀਤੇ 18 ਮਹੀਨਿਆਂ ਦੌਰਾਨ ਪਾਕਿ-ਸਤਾਨ ਸਰਕਾਰ ਵੱਲੋਂ ਚੁੱਪ-ਚਾਪ 2008 ਦੇ ਮੁੰਬਈ ਹਮਲੇ ਦੇ ਸਾਜ਼ਿਸ ਕਰਤਾ ਅਤੇ ਅੱਤਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਦੇ ਕਮਾਂਡਰ ਜ਼ਕੀ-ਉਰ-ਰਹਿਮਾਨ ਲਖਵੀ ਸਮੇਤ 3,800 ਅੱਤਵਾਦੀਆਂ ਦੇ ਨਾਂਅ ਨਿਗਰਾਨੀ ਸੂਚੀ ਤੋਂ ਕੱਟ ਦਿੱਤੇ ਹਨ। ਇਹ ਖੁਲਾਸਾ ਅਮਰੀਕਾ ਦੀ ਇੱਕ ਆਰਟੀਫੀਸ਼ੀਅਲ ਇੰਟੈਲੀਜੈਂਸ ਸਟਾਰਟਅੱਪ ਕੈਸਟੇਲਮ ਨੇ ਕੀਤਾ ਹੈ। ਪਾਕਿਸਤਾਨ ਦੀ ਇਮਰਾਨ ਖਾਨ ਦੀ ਅਗਵਾਈ ਵਾਲੀ ਸਰਕਾਰ ਨੇ ਨੌਂ ਮਾਰਚ ਦੇ ਬਾਅਦ ਬਿਨਾਂ ਕੋਈ ਜਨਤਕ ਸਪੱਸ਼ਟੀਕਰਨ ਦਿੱਤੇ ਆਪਣੀ ਨਿਗਰਾਨੀ ਸੂਚੀ 'ਚੋਂ 1,800 ਅੱਤਵਾਦੀਆਂ ਦੇ ਨਾਂਅ ਕੱਟ ਦਿੱਤੇ ਹਨ, ਜਦ ਕਿ ਵਿਸ਼ਵ-ਵਿਆਪੀ ਅੱਤਵਾਦੀ



ਫੰਡਿੰਗ ਦੀ ਰੋਕ ਲਈ ਕੰਮ ਕਰਨ ਵਾਲੀ ਵਿੱਤੀ ਕਾਰਵਾਈ ਟਾਸਕ ਫੋਰਸ (ਐਫ ਏ ਟੀ ਐਫ) ਵੱਲੋਂ ਜੂਨ ਵਿੱਚ ਪਾਕਿਸਤਾਨ ਦੀ ਇਸ ਬਾਰੇ ਕਾਰਗੁਜਾਰੀ ਦੀ ਸਮੀਖਿਆ ਕੀਤੀ ਜਾਣੀ ਹੈ। ਇਸ ਸਾਲ ਫਰਵਰੀ ਵਿੱਚ ਐਫ ਏ ਟੀ ਐਫ ਨੇ ਕਿਹਾ ਸੀ ਕਿ ਪਾਕਿਸਤਾਨ ਵੱਲੋਂ 'ਗ੍ਰੇਅ ਸੂਚੀ' 'ਚੋਂ ਬਾਹਰ ਹੋਣ ਲਈ 27 'ਚੋਂ ਕੇਵਲ 14 ਪੁਆਇੰਟਸ ਦੀ ਪਾਲਣਾ ਕੀਤੀ ਗਈ ਹੈ। ਐਫ ਏ ਟੀ ਐਫ ਦੀ ਰਿਪੋਰਟ ਅਨੁਸਾਰ ਅਕਤੂਬਰ 2018 'ਚ ਪਾਕਿਸਤਾਨ ਦੀ ਨਿਗਰਾਨੀ ਸੂਚੀ 'ਚ 7,600 ਲੋਕਾਂ ਦੇ ਨਾਂਅ ਸ਼ਾਮਲ ਸਨ।

ਇੱਕ ਪਾਕਿਸਤਾਨ ਅਖ਼ਬਾਰ ਦੇ ਇੱਕ ਲੇਖ 'ਚ ਦੱਸਿਆ ਗਿਆ ਹੈ ਕਿ ਇਸ ਸੂਚੀ 'ਚ ਸੱਤ ਹਜ਼ਾਰ ਅਜਿਹੇ ਲੋਕਾਂ ਦੇ ਨਾਂਅ ਸਨ, ਜਿਨ੍ਹਾਂ ਕੁਝ ਗਲਤੀਆਂ ਕੀਤੀਆਂ ਸਨ ਅਤੇ ਇਸ ਵੇਲੇ ਉਨ੍ਹਾਂ ਦੇ ਨਾਂਅ ਇਸ ਸੂਚੀ 'ਚੋਂ ਹਟਾਏ ਗਏ ਹਨ।

# ਯੂਰੇਸ਼ੀਆਈ ਬਰਫ ਦੀ ਚਾਦਰ ਪਿਘਲਣ ਨਾਲ ਸਮੁੰਦਰੀ ਪਾਣੀ ਦਾ ਪੱਧਰ ਅੱਠ ਮੀਟਰ ਉਠਿਆ

ਪੈਰਿਸ, 23 ਅਪ੍ਰੈਲ (ਪੋਸਟ ਬਿਊਰੋ)- ਯੂਰੇਸ਼ੀਆਈ ਬਰਫ ਦੀ ਚਾਦਰ ਕਰੀਬ 14,000 ਸਾਲ ਪਹਿਲਾਂ ਪਿਘਲਣਾ ਸ਼ੁਰੂ ਹੋਈ ਸੀ, ਜਿਸ ਨਾਲ ਸੰਸਾਰਕ ਸਮੁੰਦਰੀ ਤਲ ਕਰੀਬ ਅੱਠ ਮੀਟਰ ਉਪਰ ਤੱਕ ਉਠ ਗਿਆ ਹੈ।

ਨਵੀਂ ਖੋਜ ਵਿੱਚ ਸਾਹਮਣੇ ਆਈ ਇਹ ਜਾਣਕਾਰੀ ਅੱਜ ਤੇਜ਼ੀ ਨਾਲ ਬਰਫ ਪਿਘਲਣ ਦੇ ਖਤਰੇ ਬਾਰੇ ਦੱਸਦੀ ਹੈ। ਧਰਤੀ ਦੀ ਆਖਰੀ ਗਲੇਸ਼ੀਅਰ ਮੈਕਸਿਮ ਕਰੀਬ 33,000 ਸਾਲ ਪਹਿਲਾਂ ਸ਼ੁਰੂ ਹੋਇਆ ਸੀ, ਜਦ ਉੱਤਰੀ ਗੋਲਾ ਅਰਧ ਦਾ ਜ਼ਿਆਦਾ ਹਿੱਸਾ ਬਰਫ ਦੀਆਂ ਚਾਦਰਾਂ ਨਾਲ ਢੱਕਿਆ ਹੋਇਆ ਸੀ। ਗਲੇਸ਼ੀਅਰ ਮੈਕਸੀਮ ਉਸ ਮਿਆਦ ਨੂੰ ਕਿਹਾ ਜਾਂਦਾ ਹੈ, ਜਦੋਂ ਧਰਤੀ ਦਾ ਜ਼ਿਆਦਾਤਰ ਹਿੱਸਾ ਬਰਫ ਦੀ ਚਾਦਰ ਨਾਲ ਢੱਕਿਆ ਹੁੰਦਾ ਹੈ। ਉਸ ਵਕਤ ਯੂਰੇਸ਼ੀਆਈ ਬਰਫ ਦੀ ਚਾਦਰ ਵਿੱਚ ਜਮ੍ਹਾ ਹੋਇਆ ਪਾਣੀ ਅੱਜ ਦੀ ਗ੍ਰੀਨਲੈਂਡ ਬਰਫ ਦੀ ਚਾਦਰ ਵਿੱਚ ਮੌਜੂਦ ਜੰਮੇ ਹੋਏ ਪਾਣੀ ਤੋਂ ਤਿੰਨ ਗੁਣਾ ਵੱਧ ਸੀ। ਯੂਰੇਸ਼ੀਆਈ ਬਰਫ ਦੀ ਚਾਦਰ ਸਕੈਂਡੇਨੇਵੀਆ ਦੇ ਬਹੁਤੇ ਹਿੱਸਿਆਂ ਵਿੱਚ ਫੈਲੀ ਹੋਈ ਹੈ, ਪਰ ਖੋਜਕਾਰਾਂ ਮੁਤਾਬਕ ਖੇਤਰੀ ਤਾਪਮਾਨ ਵਧਣ ਨਾਲ 500 ਸਾਲਾਂ ਵਿੱਚ ਬਰਫ ਦੀ ਚਾਦਰ ਤੇਜ਼ੀ ਨਾਲ ਪਿਘਲ ਰਹੀ ਹੈ।

ਖੋਜਕਾਰਾਂ ਦੀ ਟੀਮ ਨੇ ਪਾਇਆ ਕਿ ਬਰਫ ਦੀ ਚਾਦਰ ਪਿਘਲਣ ਦੇ ਪਿੱਛੇ ਮੇਲਟਵਾਟਰ 1ਏ ਨਾਂਅ ਦਾ ਘਟਨਾਕ੍ਰਮ ਜ਼ਿੰਮੇਵਾਰ ਹੈ। ਇਹ ਅਜਿਹੀ ਮਿਆਦ ਹੈ ਜਿਸ ਵਿੱਚ 13,500 ਤੋਂ 14,700 ਸਾਲ ਪਹਿਲਾਂ ਸੰਸਾਰਕ ਸਮੁੰਦਰੀ ਤਲ ਵਿੱਚ 25 ਮੀਟਰ ਤੱਕ ਦਾ ਫਰਕ ਆਇਆ ਸੀ। ਨਾਰਵੇ ਦੀ ਬਰਜਨ ਯੂਨੀਵਰਸਿਟੀ ਦੇ ਖੋਜਕਰਤਾ ਜੋ ਬ੍ਰੇਨਡ੍ਰਾਈਨ ਨੇ ਕਿਹਾ ਕਿ ਯੂਰੇਸ਼ੀਆਈ ਬਰਫ ਦੀ ਚਾਦਰ ਖੇਤਰੀ ਤਾਪਮਾਨ ਵਿੱਚ ਤੇਜ਼ੀ ਨਾਲ ਬਦਲਣ ਦੇ ਕਾਰਨ ਪਿਘਲ ਰਹੀ ਹੈ।

# ਪ੍ਰੈੱਸ ਦੀ ਆਜ਼ਾਦੀ ਦੇ ਪੱਖ ਤੋਂ ਭਾਰਤ ਦੋ ਪੁਆਇੰਟ ਹੇਠਾਂ ਆਇਆ

ਲੰਡਨ, 23 ਅਪ੍ਰੈਲ (ਪੋਸਟ ਬਿਊਰੋ)- ਪ੍ਰੈੱਸ ਦੀ ਆਜ਼ਾਦੀ ਦੇ ਪੱਖ ਤੋਂ ਭਾਰਤ ਪਿਛਲੇ ਸਾਲ ਦੇ ਮੁਕਾਬਲੇ ਦੋ ਪੁਆਇੰਟ ਹੇਠਾਂ ਆਇਆ ਹੈ। ਭਾਰਤ 180 ਦੇਸ਼ਾਂ ਦੀ ਸ਼੍ਰੇਣੀ ਵਿੱਚ 142ਵੇਂ ਸਥਾਨ 'ਤੇ ਰਿਹਾ। ਨਾਰਵੇ ਲਗਾਤਾਰ ਚੌਥੇ ਸਾਲ ਪਹਿਲੇ ਸਥਾਨ 'ਤੇ ਰਿਹਾ ਹੈ ਅਤੇ ਕਈ ਹੋਰ ਦੇਸ਼ਾਂ ਦਾ ਸਥਾਨ ਵੀ ਬਦਲਿਆ ਹੈ।

ਰਿਪੋਰਟਰਸ ਵਿਦਾਉਟ ਬਾਰਡਰ ਦੇ ਸਾਲਾਨਾ ਵਿਸ਼ਲੇਸ਼ਣ ਦੇ ਆਧਾਰ 'ਤੇ ਤਿਆਰ ਕੀਤੇ ਗਏ ਦੋ ਵਰਲਡ ਪ੍ਰੈੱਸ ਫ੍ਰੀਡਮ ਇੰਡੈਕਸ-2020 ਵਿੱਚ ਇਸ ਗੱਲ 'ਤੇ ਤਸੱਲੀ ਰੱਖੀ ਗਈ ਹੈ ਕਿ ਭਾਰਤ ਵਿੱਚ 2019 ਵਿੱਚ ਕਿਸੇ ਪੱਤਰਕਾਰ ਦੀ ਹੱਤਿਆ ਨਹੀਂ ਹੋਈ, ਜਦ ਕਿ ਸਾਲ 2018 ਵਿੱਚ ਛੇ ਪੱਤਰਕਾਰਾਂ ਦੀ ਹੱਤਿਆ ਹੋਈ ਸੀ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੱਤਰਕਾਰਾਂ 'ਤੇ ਰਾਜਨੀਤਕ ਦਬਾਅ, ਪੁਲਸ ਹਿੰਸਾ, ਰਾਜਨੀਤਕ ਵਰਕਰਾਂ ਦੇ ਹਮਲੇ, ਭ੍ਰਿਸ਼ਟ ਅਫਸਰਾਂ ਅਤੇ ਅਪਰਾਧੀਆਂ ਦੇ ਹਮਲੇ ਹੁੰਦੇ ਰਹੇ। ਰਿਪੋਰਟਾਂ ਵਿੱਚ ਧਾਰਮਿਕ ਸੰਗਠਨਾਂ ਦੇ ਖਿਲਾਫ ਲਿਖਣ ਵਾਲੇ ਰਿਪੋਰਟਰਾਂ ਦੇ ਖਿਲਾਫ ਸੋਸ਼ਲ ਮੀਡੀਆ 'ਤੇ ਚਲਾਏ ਜਾਣ ਵਾਲੀ ਨਫਰਤੀ ਮੁਹਿੰਮ 'ਤੇ ਚਿੰਤਾ ਜਤਾਈ ਗਈ ਹੈ।

ਵਰਣਨ ਯੋਗ ਹੈ ਕਿ ਪੈਰਿਸ ਦੀ ਰਿਪੋਰਟਰਸ ਵਿਦਾਉਟ ਬਾਰਡਰਸ ਇੱਕ ਚੈਰਿਟੀ ਸੰਗਠਨ ਹੈ। ਇਸ ਰਿਪੋਰਟ ਵਿੱਚ ਦੱਖਣੀ ਏਸ਼ੀਆ ਦੇ ਲਗਭਗ ਸਾਰੇ ਦੇਸ਼ਾਂ ਦੀ ਰੈਂਕਿੰਗ ਠੀਕ ਨਹੀਂ।






# ਟੋਰਾਂਟੋ ਵਿੱਚ ਸਟੇਟ ਆਫ ਐਮਰਜੰਸੀ ਵਿੱਚ ਵਾਧਾ ਕਰਨਾ ਚਾਹੁੰਦੇ ਹਨ ਮੇਅਰ ਟੋਰੀ




ਟੋਰਾਂਟੋ, 23 ਅਪਰੈਲ (ਪੋਸਟ ਬਿਊਰੋ) : ਅਗਲੇ ਹਫਤੇ ਜਦੋਂ ਕਾਊਂਸਲਰਜ਼ ਆਨਲਾਈਨ ਮੁਲਾਕਾਤ ਕਰਨਗੇ ਤਾਂ ਮੇਅਰ ਜੌਹਨ ਟੋਰੀ ਵੱਲੋਂ ਕਾਊਂਸਲ ਨੂੰ ਟੋਰਾਂਟੋ ਵਿੱਚ ਸਟੇਟ ਆਫ ਐਮਰਜੰਸੀ ਵਿੱਚ ਇਜਾਫਾ ਕਰਨ ਲਈ ਆਖਿਆ ਜਾਵੇਗਾ।

ਅਗਲੇ ਵੀਰਵਾਰ, ਭਾਵ 30 ਅਪਰੈਲ ਨੂੰ ਪਹਿਲੀ ਵਾਰੀ ਸਿਟੀ ਕਾਊਂਸਲ ਵੀਡੀਓ ਕਾਨਫਰੰਸ ਰਾਹੀਂ ਮੁਲਾਕਾਤ ਕਰੇਗੀ। ਫਿਜ਼ੀਕਲ ਡਿਸਟੈਂਸਿੰਗ ਸਬੰਧੀ ਨਿਯਮਾਂ ਦੇ ਚੱਲਦਿਆਂ ਕਾਊਂਸਲਰਜ਼ ਵੀ ਕਾਊਂਸਲ ਦੇ ਚੇਂਬਰਜ਼ ਵਿੱਚ ਇੱਕਠੇ ਨਹੀਂ ਹੋ ਸਕਦੇ। ਟੋਰੀ ਨੇ ਆਖਿਆ ਕਿ ਉਨ੍ਹਾਂ ਦੇ ਏਜੰਡੇ ਉੱਤੇ ਸੱਭ ਤੋਂ ਪਹਿਲੀ ਗੱਲ ਸਟੇਟ ਆਫ ਐਮਰਜੰਸੀ ਵਿੱਚ ਵਾਧਾ ਕੀਤੇ ਜਾਣ ਲਈ ਕਾਊਂਸਲ ਤੋਂ ਸਮਰਥਨ ਮੰਗਣਾ ਹੀ ਹੈ। ਉਨ੍ਹਾਂ ਆਖਿਆ ਕਿ ਇਸ ਸਬੰਧੀ ਉਹ ਮਤਾ ਪੇਸ਼ ਕਰਨਗੇ।

ਜ਼ਿਕਰਯੋਗ ਹੈ ਕਿ ਟੋਰੀ ਨੇ 23 ਮਾਰਚ ਨੂੰ ਸਟੇਟ ਆਫ ਐਮਰਜੰਸੀ ਐਲਾਨੀ ਸੀ। ਅਜਿਹਾ ਸਿਟੀ ਵੱਲੋਂ ਪਹਿਲੀ ਵਾਰੀ ਕੀਤਾ ਗਿਆ। ਇਸ ਐਲਾਨ ਨਾਲ ਸਿਟੀ ਕਾਊਂਸਲ ਵੱਲੋਂ ਲਏ ਜਾਣ ਵਾਲੇ ਸਾਰੇ ਫੈਸਲੇ ਇੱਕਲੇ ਮੇਅਰ ਨੂੰ ਲੈਣ ਦੀ ਇਜਾਜ਼ਤ ਹੁੰਦੀ ਹੈ। ਇਸ ਤੋਂ ਇਲਾਵਾ ਟੋਰਾਂਟੋ ਪਬਲਿਕ ਹੈਲਥ ਵੱਲੋਂ ਵੀ ਕੋਵਿਡ-19 ਡਾਟਾ ਨਸਲ ਤੇ ਆਮਦਨ ਦੇ ਹਿਸਾਬ ਨਾਲ ਇੱਕਠਾ ਕੀਤੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਟੋਰੀ ਨੇ ਆਖਿਆ ਕਿ ਅਜਿਹਾ ਕੀਤਾ ਜਾਣਾ ਇਸ ਲਈ ਵੀ ਜ਼ਰੂਰੀ ਹੈ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਟੋਰਾਂਟੋ ਦੀਆਂ ਕੁੱਝ ਖਾਸ ਕਮਿਊਨਿਟੀਜ਼ ਨੂੰ ਤਾਂ ਹੋਰਨਾਂ ਨਾਲੋਂ ਜ਼ਿਆਦਾ ਨੁਕਸਾਨ ਨਹੀਂ ਸਹਿਣਾ ਪੈ ਰਿਹਾ। ਟੋਰੀ ਨੇ ਇਹ ਸੰਕੇਤ ਵੀ ਦਿੱਤੇ ਕਿ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਘੱਟੋ ਘੱਟ ਜੂਨ ਤੱਕ ਪਾਬੰਦੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਛੋਟ ਨਹੀਂ ਦਿੱਤੀ ਜਾ ਸਕਦੀ।

# ਜਰਮਨੀ ਨੇ ਕੋਰੋਨਾ ਨੂੰ ਕੰਟਰੋਲ ਕਰਨ ਪਿੱਛੋਂ ਵੈਕਸੀਨ ਦੀ ਪਹਿਲ ਕੀਤੀ

## * ਬਾਕਾਇਦਾ ਟਰਾਇਲ ਸ਼ੁਰੂ ਕਰਨ ਦਾ ਐਲਾਨ * ਬ੍ਰਿਟੇਨ ਵਿੱਚ ਵੀ ਵੈਕਸੀਨ ਦਾ ਟਰਾਇਲ ਸ਼ੁਰੂ




ਬਰਲਿਨ, 23 ਅਪਰੈਲ, (ਪੋਸਟ ਬਿਊਰੋ)- ਬੀਤੇ ਦਸੰਬਰ ਵਿੱਚ ਚੀਨ ਤੋਂ ਸ਼ੁਰੂ ਹੋਏ ਕੋਰੋਨਾ ਵਾਇਰਸ ਨੇ ਦੁਨੀਆ ਭਰ ਵਿਚ ਕਹਿਰ ਮਚਾ ਰੱਖਿਆ ਹੈ। ਲਗਭਗ ਸਾਰੇ ਦੇਸ਼ ਇਸ ਵਾਇਰਸ ਨਾਲ ਨਜਿੱਠਣ ਲਈ ਵੱਖ-ਵੱਖ ਤਰੀਕੇ ਵਰਤ ਰਹੇ ਹਨ ਅਤੇ ਹਰ ਦੇਸ਼ ਦੇ ਸਾਇੰਸਦਾਨ ਇਸ ਦੀ ਵੈਕਸੀਨ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਅਜੇ ਤੱਕ ਸਫਲਤਾ ਕਿਸੇ ਨੂੰ ਨਹੀਂ ਮਿਲ ਸਕੀ। ਅੱਜ ਬੁੱਧਵਾਰ ਜਰਮਨੀ ਤੋਂ ਆਸ ਵਾਲੀ ਖਬਰ ਆਈ ਹੈ ਕਿ ਓਥੇ ਬਹੁਤ ਜਲਦੀ ਕੋਰੋਨਾ ਦੇ ਵਾਇਰਸ ਦੀ ਵੈਕਸੀਨ ਦਾ ਟਰਾਇਲ ਮਨੁੱਖਾਂ ਉੱਤੇ ਕੀਤਾ ਜਾਣ ਵਾਲਾ ਹੈ।

ਜਰਮਨੀ ਦੇ ਫੈਡਰਲ ਇੰਸਟੀਚਿਊਟ ਨੇ ਦੱਸਿਆ ਹੈ ਕਿ ਜਰਮਨ ਸਰਕਾਰ ਨੇ ਇਸ ਸੰਸਥਾ ਨੂੰ ਇਸ ਵੈਕਸੀਨ ਦਾ ਟਰਾਇਲ ਮਨੁੱਖਾਂ ਉੱਤੇ ਕਰਨ ਦੀ ਆਗਿਆ ਦੇ ਦਿੱਤੀ ਹੈ। ਇਸ ਪਿੱਛੋਂ ਇਹ ਟਰਾਇਲ ਸ਼ੁਰੂ ਹੋ ਸਕੇਗਾ। ਇਸ ਸੰਸਥਾ ਨੇ ਦੱਸਿਆ ਹੈ ਕਿ ਇਸ ਵੈਕਸੀਨ ਦਾ ਟਰਾਇਲ ਕਈ ਪੜਾਵਾਂ ਦਾ ਹੋਵੇਗਾ। ਪਹਿਲੇ ਪੜਾਅ ਵਿਚ 200 ਲੋਕਾਂ ਉੱਤੇ ਇਸ ਦਾ ਪ੍ਰੀਖਣ ਕੀਤਾ ਜਾਵੇਗਾ, ਜਿਸ ਵਿਚ 18 ਸਾਲ ਤੋਂ 55 ਸਾਲ ਤੱਕ ਦੇ ਸਿਹਤਮੰਦ ਲੋਕ ਰੱਖੇ ਜਾਣਗੇ। ਇਸ ਵਿਚ ਦੇਖਿਆ ਜਾਵੇਗਾ ਕਿ ਇਹ ਵੈਕਸੀਨ ਕਿੰਨੀ ਲਾਹੇਵੰਦ ਹੈ ਤੇ ਇਸ ਦਾ ਕੋਈ ਸਾਈਡ ਇਫੈਕਟ ਤਾਂ ਨਹੀਂ। ਇਹ ਵੈਕਸੀਨ ਜਰਮਨੀ ਦੀ ਕੰਪਨੀ ਬਾਇਓ ਐਨ ਟੈੱਕ ਨੇ ਅਮਰੀਕੀ ਦਵਾਈ ਕੰਪਨੀ ਫਾਈਜ਼ਰ ਨਾਲ ਮਿਲ ਕੇ ਬਣਾਈ ਹੈ ਅਤੇ ਇਸ ਦਾ ਨਾਂ ਬੀ ਐਨ ਟੀ-162 ਰੱਖਿਆ ਗਿਆ ਹੈ। ਪਹਿਲੇ ਪੜਾਅ ਦੇ ਬਾਅਦ ਦੂਸਰੇ ਟਰਾਇਲ ਵਿਚ ਇਸ ਦੀ ਵਰਤੋਂ ਉਨ੍ਹਾਂ ਲੋਕਾਂ ਉੱਤੇ ਕੀਤੀ ਜਾਵੇਗੀ, ਜਿਨ੍ਹਾਂ ਦੇ ਕੋਰੋਨਾ ਵਾਇਰਸ ਤੋਂ ਪੀੜਤ ਹੋਣ ਦਾ ਵੱਧ ਸ਼ੱਕ ਹੈ।

ਵਰਨਣ ਯੋਗ ਹੈ ਕਿ ਜਰਮਨੀ ਤੋਂ ਇਲਾਵਾ ਬ੍ਰਿਟੇਨ, ਚੀਨ, ਅਮਰੀਕਾ ਤੇ ਭਾਰਤ ਵੀ ਵੈਕਸੀਨ ਬਣਾਉਣ ਦੇ ਕੰਮ ਲੱਗੇ ਹੋਏ ਹਨ। ਬ੍ਰਿਟੇਨ ਦੇ ਹੈਲਥ ਸੈਕਟਰੀ ਮੈਟ ਹੈਕਨਾਨ ਦੇ ਮੁਤਾਬਕ ਆਕਸਫੋਰਡ ਯੂਨੀਵਰਸਿਟੀ ਦੇ ਸਾਇੰਸਦਾਨਾਂ ਨੇ ਵੈਕਸੀਨ ਬਣਾ ਲਈ ਹੈ, ਜਿਸ ਦਾ ਟਰਾਇਲ ਇਸ ਵੀਰਵਾਰ (ਅੱਜ) ਤੋਂ ਸ਼ੁਰੂ ਹੋਵੇਗਾ।

# ਲਾਂਗ ਟਰਮ ਕੇਅਰ ਹੋਮਜ਼ ਵਿੱਚ ਕੋਵਿਡ-19 ਨਾਲ ਨਜਿੱਠਣ ਲਈ ਓਨਟਾਰੀਓ ਲਵੇਗਾ ਫੌਜ ਦੀ ਮਦਦ



ਓਨਟਾਰੀਓ, 23 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਕੋਵਿਡ-19 ਨਾਲ ਸੰਘਰਸ਼ ਕਰ ਰਹੇ ਪ੍ਰੋਵਿੰਸ ਲਈ ਫੌਜ ਦੇ ਸਹਿਯੋਗ ਦੀ ਮੰਗ ਕੀਤੀ ਜਾ ਰਹੀ ਹੈ।

ਫੋਰਡ ਦਾ ਕਹਿਣਾ ਹੈ ਕਿ ਉਹ ਅੱਜ ਫੈਡਰਲ ਸਰਕਾਰ ਤੋਂ ਰਸਮੀ ਤੌਰ ਉੱਤੇ ਵਾਧੂ ਸਰੋਤਾਂ ਲਈ ਬੇਨਤੀ ਕਰਨਗੇ। ਇਨ੍ਹਾਂ ਵਿੱਚ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਤੇ ਕੈਨੇਡੀਅਨ ਫੋਰਸਿਜ਼ ਦੇ ਕਰਮਚਾਰੀ ਸ਼ਾਮਲ ਹੋਣਗੇ। ਉਨ੍ਹਾਂ ਆਖਿਆ ਕਿ ਵਾਧੂ ਕਰਮਚਾਰੀਆਂ ਨੂੰ ਪੰਜ ਉਨ੍ਹਾਂ ਹੋਮਜ਼ ਵਿੱਚ ਲਾਇਆ ਜਾਵੇਗਾ ਜਿੱਥੇ ਸੱਭ ਤੋਂ ਵੱਧ ਲੋੜ ਹੈ। ਫੋਰਡ ਨੇ ਆਖਿਆ ਕਿ ਉਹ ਆਪਰੇਸ਼ਨਲ ਤੇ ਲਾਜਿਸਟੀਕਲ ਸਹਿਯੋਗ ਮੁਹੱਈਆ ਕਰਵਾਉਣਗੇ ਤਾਂ ਕਿ ਲਾਂਗ ਟਰਮ ਕੇਅਰ ਸਟਾਫ ਰੈਜ਼ੀਡੈਂਟਸ ਦੀ ਸਾਂਭ ਸੰਭਾਲ ਵੱਲ ਧਿਆਨ ਦੇ ਸਕੇ। ਹੁਣ ਤੱਕ 127 ਫੈਸਿਲਿਟੀਜ਼ ਵਿੱਚ ਆਊਟਬ੍ਰੇਕਸ ਹੋਣ ਕਾਰਨ ਲਾਂਗ ਟਰਮ ਕੇਅਰ ਵਿੱਚ 448 ਮੌਤਾਂ ਹੋ ਚੁੱਕੀਆਂ ਹਨ। ਇੱਕ ਦਿਨ ਪਹਿਲਾਂ ਨਾਲੋਂ 49 ਮੌਤਾਂ ਹੋਰ ਹੋਈਆਂ ਹਨ। ਲਾਂਗ ਟਰਮ ਕੇਅਰ ਹੋਮਜ਼ ਦੇ ਰੈਜ਼ੀਡੈਂਟਸ ਵਿੱਚੋਂ 1985 ਤੇ ਅਮਲਾ ਮੈਂਬਰਾਂ ਵਿੱਚੋਂ 957 ਕੋਵਿਡ-19 ਦੇ ਪਾਜ਼ੀਟਿਵ ਕੇਸ ਪਾਏ ਜਾ ਚੁੱਕੇ ਹਨ। ਓਨਟਾਰੀਓ ਵੱਲੋਂ ਲਾਂਗ ਟਰਮ ਕੇਅਰ ਹੋਮਜ਼ ਦੇ ਹਰੇਕ ਰੈਜ਼ੀਡੈਂਟਸ ਤੇ ਵਰਕਰ ਦੀ ਕੋਵਿਡ-19 ਸਬੰਧੀ ਟੈਸਟਿੰਗ ਕੀਤੀ ਜਾ ਰਹੀ ਹੈ।

# ਚੈਰੀਟੀਜ਼ ਦੀ ਮਦਦ ਲਈ 350 ਮਿਲੀਅਨ ਡਾਲਰ ਦੇਵੇਗੀ ਫੈਡਰਲ ਸਰਕਾਰ

ਓਟਵਾ, 23 ਅਪਰੈਲ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਵੱਲੋਂ ਕੈਨੇਡਾ ਦੇ ਚੈਰੀਟੀਜ਼ ਸੈਕਟਰ ਨੂੰ 350 ਮਿਲੀਅਨ ਡਾਲਰ ਮੁਹੱਈਆ ਕਰਵਾਉਣ ਦੀ ਯੋਜਨਾ ਹੈ। ਕੋਵਿਡ-19 ਮਹਾਮਾਰੀ ਫੈਲਣ ਕਾਰਨ ਚੈਰੀਟੀਜ਼ ਨੂੰ ਹਾਸਲ ਹੋਣ ਵਾਲੀਆਂ ਡੋਨੇਸ਼ਨਜ਼ ਵਿੱਚ ਕਾਫੀ ਗਿਰਾਵਟ ਆਈ ਹੈ। ਡੋਨਰਜ਼ ਦੀ ਵਿੱਤੀ ਸਥਿਤੀ ਹੀ ਖਰਾਬ ਹੋ ਗਈ ਹੈ ਤੇ ਇਸ ਦੇ ਨਾਲ ਹੀ ਚੈਰੀਟੀਜ਼ ਵੀ ਫੰਡਰੇਜ਼ਿੰਗ ਈਵੈਂਟਸ ਕਰਵਾਉਣ ਤੋਂ ਅਸਮਰੱਥ ਹਨ। ਦੇਸ਼ ਦੀਆਂ ਰਜਿਸਟਰਡ 86000 ਚੈਰੀਟੀਜ਼ ਦੀ ਮਦਦ ਕਰਨ ਲਈ ਬਹੁਤੀ ਰਕਮ ਤਿੰਨ ਨੈਸ਼ਨਲ ਗਰੁੱਪਜ਼ ਰਾਹੀਂ ਉਨ੍ਹਾਂ ਨੂੰ ਦਿੱਤੀ ਜਾਵੇਗੀ। ਇਸ ਵਿੱਚੋਂ ਫੰਡਜ਼ ਦਾ ਕੁੱਝ ਹਿੱਸਾ ਨਿੱਕੀਆਂ ਤੇ ਆਜ਼ਾਦਾਨਾ ਆਰਗੇਨਾਈਜ਼ੇਸ਼ਨਜ਼ ਨੂੰ ਵੀ ਜਾਵੇਗਾ।


ਟਰੂਡੋ ਨੇ ਆਖਿਆ ਕਿ ਚੈਰੀਟੀਜ਼ ਤੇ ਨੌਨ ਪ੍ਰੌਫਿਟਸ ਉਨ੍ਹਾਂ ਦੀਆਂ ਸੇਵਾਵਾਂ ਸਬੰਧੀ ਮੰਗ ਨੂੰ ਪੂਰਾ ਕਰਨ ਲਈ ਕਮਾਲ ਦਾ ਕੰਮ ਕਰ ਰਹੀਆਂ ਹਨ। ਉਨ੍ਹਾਂ ਆਖਿਆ ਕਿ ਇਹ ਰਕਮ ਵਾਲੰਟੀਅਰਜ਼ ਨੂੰ ਸਿਖਲਾਈ ਦੇਣ, ਕਮਜ਼ੋਰ ਲੋਕਾਂ ਲਈ ਟਰਾਂਸਪੋਰਟੇਸ਼ਨ ਮੁਹੱਈਆ ਕਰਵਾਉਣ ਤੇ ਗਰੌਸਰੀਜ਼ ਦੀ ਹੋਮ ਡਲਿਵਰੀ ਦੇ ਨਾਲ ਨਾਲ ਹੋਰ ਸੇਵਾਵਾਂ ਵੀ ਮੁਹੱਈਆ ਕਰਵਾਉਣ ਲਈ ਵਰਤੀ ਜਾਵੇਗੀ।


ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜ਼ਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

647-764-3637

ਹੈਲਪਰ ਦੀ ਲੋੜ ਹੈ



Construction Company
FULL TIME WORK
416-618-3358 | 905-789-7783


## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 | +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)





Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com


Check our Free E-paper at:
www.canadianpunjabipost.ca



ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ


## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 | 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710




UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
AVTAR UPPAL
Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters



AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਕਣਕ ਦੀ ਨਿਰਵਿਘਨ ਖਰੀਦ ਲਈ ਸਾਬਕਾ ਫੌਜੀਆਂ ਨੇ ਵੀ ਮੰਡੀਆਂ 'ਚ ਮੋਰਚੇ ਸੰਭਾਲੇ

ਚੰਡੀਗੜ੍ਹ, 23 ਅਪ੍ਰੈਲ (ਪੋਸਟ ਬਿਊਰੋ): ਕਣਕ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਸਾਬਕਾ ਫੌਜੀਆਂ ਨੇ ਵੀ ਅਨਾਜ ਮੰਡੀਆਂ ਵਿੱਚ ਮੋਰਚੇ ਸੰਭਾਲੇ ਹੋਏ ਹਨ ਤਾਂ ਕਿ ਕੋਵਿਡ-19 ਕਾਰਨ ਕਰਫਿਊ/ਲੌਕਡਾਊਨ ਦੇ ਮੱਦੇਨਜ਼ਰ ਕਿਸਾਨਾਂ ਨੂੰ ਮੰਡੀਆਂ 'ਚ ਕਣਕ ਲਿਆਉਣ ਅਤੇ ਵੇਚਣ 'ਚ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ।



ਇਹ ਪ੍ਰਗਟਾਵਾ ਕਰਦਿਆਂ ਵਧੀਕ ਮੁੱਖ ਸਕੱਤਰ ਵਿਕਾਸ ਵਿਸਵਾਜੀਤ ਖੰਨਾ ਨੇ ਦੱਸਿਆ ਕਿ ਸੂਬਾ ਸਰਕਾਰ ਨੇ 3195 ਗਾਰਡੀਅਨਜ਼ ਆਫ ਗਵਰਨੈਂਸ (ਪ੍ਰਬੰਧਾਂ ਦੇ ਰਾਖੇ) ਨੂੰ ਖਰੀਦ ਪ੍ਰਕਿਰਿਆ ਲਈ ਮੰਡੀ ਬੋਰਡ ਦੀ ਸਹਾਇਤਾ ਵਾਸਤੇ ਮੰਡੀਆਂ ਵਿੱਚ ਤਾਇਨਾਤ ਕੀਤਾ ਹੈ। ਉਨਾਂ ਦੱਸਿਆ ਕਿ ਇਹ ਜੀ.ਓ.ਜੀ. ਸੂਬਾ ਭਰ ਦੀਆਂ 1683 ਮੰਡੀਆਂ 'ਚ ਚੱਲ ਰਹੇ ਖਰੀਦ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ।


ਵਧੀਕ ਮੁੱਖ ਸਕੱਤਰ ਨੇ ਦੱਸਿਆ ਕਿ ਕੋਵਿਡ-19 ਦੀ ਮਹਾਮਾਰੀ ਕਾਰਨ ਸਿਹਤ ਸੁਰੱਖਿਆ ਉਪਾਵਾਂ ਨੂੰ ਯਕੀਨੀ ਬਣਾਉਣ ਲਈ ਖਰੀਦ ਕੇਂਦਰਾਂ 'ਚ ਸਮਾਜਿਕ ਦੂਰੀ ਦੀ ਪਾਲਣਾ ਕਰਵਾਉਣ ਤੋਂ ਇਲਾਵਾ ਟ੍ਰੈਫਿਕ ਦੀ ਨਿਗਰਾਨੀ ਦਾ ਔਖਾ ਕਾਰਜ ਨਿਪਟਾਉਣ ਲਈ ਜੀ.ਓ.ਜੀ. ਮੰਡੀਆਂ ਬੋਰਡ ਦੇ ਮੁਲਾਜ਼ਮਾਂ ਨਾਲ ਮਿਲ ਕੇ ਸੇਵਾਵਾਂ ਨਿਭਾਅ ਰਹੇ ਹਨ ਤਾਂ ਕਿ ਮੰਡੀਆਂ ਵਿੱਚ ਭੀੜ-ਭੜੱਕਾ ਨਾ ਹੋਵੇ। ਜੀ.ਓ.ਜੀ. ਵਲੋਂ ਸਾਫ-ਸਫਾਈ ਦੀਆਂ ਹਾਲਤਾਂ ਬਾਰੇ ਰਿਪੋਰਟ ਕਰਨ ਤੋਂ ਇਲਾਵਾ ਕਿਸੇ ਵੀ ਹੋਰ ਮਸਲੇ ਬਾਰੇ ਤੁਰੰਤ ਸੀਨੀਅਰ ਅਥਾਰਟੀ ਦੇ ਨੋਟਿਸ ਵਿੱਚ ਲਿਆਂਦਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜੀ.ਓ.ਜੀ. ਪਹਿਲਾਂ ਤੋਂ ਸਥਾਪਤ ਢਾਂਚੇ ਦੁਆਰਾ ਕਿਸੇ ਵੀ ਮਾਮਲੇ ਬਾਰੇ ਆਪਣੇ ਤਹਿਸੀਲ ਜਾਂ ਜ਼ਿਲਾ ਇੰਚਾਰਜ ਰਾਹੀਂ ਚੰਡੀਗੜ ਵਿਖੇ ਸਥਿਤ ਹੈੱਡਕੁਆਰਟਰ ਵਿਖੇ ਸੂਚਿਤ ਕਰਦੇ ਹਨ ਜਿਸ ਤੋਂ ਬਾਅਦ ਅਗਲੇਰੀ ਕਾਰਵਾਈ ਲਈ ਉਨ੍ਹਾਂ ਵੱਲੋਂ ਭੇਜੀਆਂ ਰਿਪੋਰਟਾਂ ਨੂੰ ਮੰਡੀ ਬੋਰਡ ਨਾਲ ਸਾਂਝਾ ਕੀਤਾ ਜਾਂਦਾ ਹੈ।

ਖੰਨਾ ਨੇ ਅੱਗੇ ਦੱਸਿਆ ਕਿ ਕਰੋਨਾਵ-ਾਇਰਸ ਦੇ ਮੱਦੇਨਜ਼ਰ ਇਸ ਔਖੇ ਸਮੇਂ ਵਿੱਚ ਮੰਡੀ ਬੋਰਡ ਵੱਲੋਂ ਕਣਕ ਦੀ ਫਸਲ ਦੇ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਅਤੇ ਸਿਹਤ ਸੁਰੱਖਿਆ ਉਪਾਵਾਂ ਲਈ ਇਹ ਕਦਮ ਸਹਾਈ ਸਿੱਧ ਹੋਣਗੇ। ਸਾਬਕਾ ਸੈਨਿਕ ਹੋਣ ਦੇ ਨਾਤੇ ਜੀ.ਓ.ਜੀ. ਦੀ ਸਮਰਪਿਤ ਭਾਵਨਾ ਦੀ ਸ਼ਲਾਘਾ ਕਰਦਿਆਂ ਖੰਨਾ ਨੇ ਉਨ੍ਹਾਂ ਨੇ ਆਪਣੀ ਪੂਰੀ ਨੌਕਰੀ ਮੁਲਕ ਦੀ ਸੇਵਾ ਦੇ ਲੇਖੇ ਲਾਈ ਅਤੇ ਹੁਣ ਜਦੋਂ ਕਿਸਾਨਾਂ ਲਈ ਮਦਦ ਦੀ ਘੜੀ ਆਈ ਤਾਂ ਸਾਬਕਾ ਫੌਜੀ ਆਪਣੀ ਵਡੇਰੀ ਉਮਰ ਦੀ ਪ੍ਰਵਾਹ ਨਾ ਕਰਦਿਆਂ ਮੰਡੀਆਂ 'ਚ ਖਰੀਦ ਕਾਰਜਾਂ 'ਚ ਵੀ ਸਰਕਾਰ ਦੀ ਮਦਦ ਕਰਨ ਤੋਂ ਪਿੱਛੇ ਨਾ ਹਟੇ।

# ਮੰਡੀ ਬੋਰਡ ਦੇ ਸਕੱਤਰ ਵੱਲੋਂ ਲੁਧਿਆਣਾ ਅਤੇ ਮੋਗਾ ਜ਼ਿਲਿਆਂ ਦੀਆਂ ਮੰਡੀਆਂ ਦਾ ਦੌਰਾ

ਲੁਧਿਆਣਾ/ਮੋਗਾ, 23 ਅਪ੍ਰੈਲ (ਪੋਸਟ ਬਿਊਰੋ): ਕਣਕ ਦੀ ਨਿਰਵਿਘਨ ਖਰੀਦ ਲਈ ਕੀਤੇ ਪ੍ਰਬੰਧਾਂ 'ਤੇ ਤਸੱਲੀ ਜ਼ਾਹਰ ਕਰਦਿਆਂ ਮੰਡੀ ਬੋਰਡ ਦੇ ਸਕੱਤਰ ਰਵੀ ਭਗਤ ਨੇ ਦੱਸਿਆ ਕਿ ਹੁਣ ਤੱਕ ਸੂਬਾ ਭਰ ਵਿੱਚ 24 ਲੱਖ ਮੀਟਰਕ ਕਣਕ ਖਰੀਦੀ ਜਾ ਚੁੱਕੀ ਹੈ।

ਭਗਤ ਨੇ ਅੱਜ ਲੁਧਿਆਣਾ ਜ਼ਿਲੇ ਵਿੱਚ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਤੋਂ ਇਲਾਵਾ ਦੋਰਾਹਾ, ਸਾਹਨੇਵਾਲ, ਮੁੱਲਾਂਪੁਰ ਦਾਖਾ ਤੇ ਗਿੱਲ ਰੋਡ ਸਮੇਤ ਅਜੀਤਵਾਲ ਅਤੇ ਮੋਗਾ ਦੀਆਂ ਮੰਡੀਆਂ ਦਾ ਦੌਰਾ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ।



ਆਪਣੇ ਦੌਰੇ ਮੌਕੇ ਸਕੱਤਰ ਨੇ ਮੰਡੀ ਬੋਰਡ ਤੇ ਮਾਰਕੀਟ ਕਮੇਟੀਆਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਤੋਂ ਇਲਾਵਾ ਕਿਸਾਨਾਂ ਨਾਲ ਗੱਲਬਾਤ ਕਰਕੇ ਕੋਵਿਡ-19 ਦੀਆਂ ਬੰਦਿਸ਼ਾਂ ਦੇ ਮੱਦੇਨਜ਼ਰ ਮੰਡੀਆਂ ਵਿੱਚ ਚੱਲ ਰਹੇ ਨਿਰਵਿਘਨ ਖਰੀਦ ਕਾਰਜਾਂ 'ਤੇ ਤਸੱਲੀ ਜ਼ਾਹਰ ਕੀਤੀ। ਉਨਾਂ ਨੇ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਇਨਾਂ ਔਖੇ ਸਮਿਆਂ ਵਿੱਚ ਕਿਸਾਨਾਂ ਦੀ ਫਸਲ ਦਾ ਇਕ-ਇਕ ਦਾਣਾ ਖਰੀਦਣ ਲਈ ਵਚਨਬੱਧ ਹੈ।

ਭਗਤ ਨੇ ਦੱਸਿਆ ਕਿ ਜੇਕਰ ਕਿਸੇ ਧਿਰ ਨੂੰ ਖਰੀਦ ਕਾਰਜਾਂ ਨਾਲ ਸਬੰਧਤ ਕੋਈ ਵੀ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਸਬੰਧਤ ਮਾਰਕੀਟ ਕਮੇਟੀਆਂ ਅਤੇ ਮੰਡੀ ਬੋਰਡ ਦੇ ਮੋਹਾਲੀ ਸਥਿਤ ਹੈੱਡਕੁਆਰਟਰ ਵਿਖੇ ਸ਼ਿਕਾਇਤਾਂ ਦੇ ਨਿਵਾਰਨ ਲਈ ਸਥਾਪਤ ਕੀਤੇ ਸਟੇਟ ਕੰਟਰੋਲ ਰੂਮ ਨਾਲ ਸੰਪਰਕ ਕਾਇਮ ਕਰ ਸਕਦਾ ਹੈ।

ਕਰੋਨਾਵਾਇਰਸ ਦੇ ਮੱਦੇਨਜ਼ਰ ਚੁੱਕੇ ਜਾ ਰਹੇ ਇਹਤਿਆਦੀ ਕਦਮਾਂ ਬਾਰੇ ਵਿਸਥਾਰ ਵਿੱਚ ਦੱਸਦਿਆਂ ਸਕੱਤਰ ਨੇ ਆਖਿਆ ਕਿ ਸੂਬੇ ਦੇ ਸਾਰੇ ਖਰੀਦ ਕੇਂਦਰਾਂ ਵਿੱਚ ਢੁਕਵੀਂ ਮਾਤਰਾ ਵਿੱਚ ਮਾਸਕ ਅਤੇ 27000 ਲਿਟਰ ਸੈਨੀਟਾਈਜ਼ਰ ਮੁਹੱਈਆ ਕਰਵਾਏ ਗਏ ਹਨ ਤਾਂ ਕਿ ਕਰੋਨਾ ਦੇ ਫੈਲਾਅ ਨੂੰ ਰੋਕਿਆ ਜਾ ਸਕੇ।

ਭਗਤ ਜਿਨਾਂ ਨੂੰ ਲੁਧਿਆਣਾ, ਮੋਗਾ ਅਤੇ ਸੰਗਰੂਰ ਜ਼ਿਲਿਆਂ ਦੇ ਖਰੀਦ ਕਾਰਜਾਂ ਦੀ ਨਿਗਰਾਨੀ ਦਾ ਜ਼ਿੰਮਾ ਸੌਂਪਿਆ ਗਿਆ ਹੈ, ਨੇ ਆਖਿਆ ਕਿ ਇਨਾਂ ਮੰਡੀਆਂ ਵਿੱਚ ਉਚ ਮਿਆਰੀ ਕਣਕ ਦੀ ਆਮਦ ਹੋਈ ਹੈ। ਮੰਡੀ ਬੋਰਡ ਦੇ ਸਕੱਤਰ ਨੇ ਅੱਗੇ ਦੱਸਿਆ ਕਿ ਕੋਵਿਡ-19 ਕਾਰਨ ਕਣਕ ਦੀ ਪੜਾਅਵਾਰ ਖਰੀਦ ਦੇ ਮੱਦੇਨਜ਼ਰ ਕਿਸਾਨਾਂ ਨੂੰ ਆੜਤੀਆਂ ਰਾਹੀਂ ਹੁਣ ਤੱਕ 4.5 ਲੱਖ ਪਾਸ ਜਾਰੀ ਕੀਤੇ ਜਾ ਚੁੱਕੇ ਹਨ। ਸਿਹਤ ਪ੍ਰੋਟੋਕੋਲ ਖਾਸ ਤੌਰ 'ਤੇ ਸਮਾਜਿਕ ਦੂਰੀ ਦੀ ਸਖਤੀ ਨਾਲ ਪਾਲਣਾ ਦੀ ਲੋੜ 'ਤੇ ਜ਼ੋਰ ਦਿੰਦਿਆਂ ਭਗਤ ਨੇ ਸਾਰੀਆਂ ਧਿਰਾਂ ਨੂੰ ਸਿਹਤ ਸੁਰੱਖਿਆ ਲਈ ਇਸ ਨੂੰ ਅਪਣਾਉਣ ਦੀ ਅਪੀਲ ਕੀਤੀ।

ਸਕੱਤਰ ਨੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਪ੍ਰਦੀਪ ਅਗਰਵਾਲ ਅਤੇ ਮੋਗਾ ਦੇ ਡਿਪਟੀ ਕਮਿਸ਼ਨਰ ਸੰਦੀਪ ਹੰਸ ਅਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਖਰੀਦ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੌਕੇ ਡੀ.ਐਫ.ਐੱਸ.ਸੀ. ਗੁਰਪ੍ਰੀਤ ਸਿੰਘ ਕੰਗਾ, ਜ਼ਿਲਾ ਮੰਡੀ ਅਫਸਰ ਜਸਵਿੰਦਰ ਸਿੰਘ ਅਤੇ ਖਰੀਦ ਏਜੰਸੀਆਂ ਦੇ ਜ਼ਿਲਾ ਮੈਨੇਜਰ ਵੀ ਹਾਜ਼ਰ ਸਨ।


jobs! jobs! jobs! jobs! jobs!

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
DUNDAS·JAFINE
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

ਕਾਮਿਆਂ ਦੀ ਲੋੜ
ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060
ਬਲਬੀਰ: 289-541-5384
ਵੈਨ ਡਰਾਈਵਰ ਦੀ ਲੋੜ ਹੈ। ਤੁਸੀ ਆਪਣੀ ਕਾਰ ਲੈ ਕੇ ਵੀ ਬਰਲਿੰਗਟਨ, ਓਕਵਿੱਲ ਅਤੇ ਮੀਲਟਨ ਜਾ ਸਕਦੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!! 905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara) 647-710-7760 Email: info@gf1security.com
1085 Bellamy Rd (N) Unit #210 Scarbrough (Toronto) 647-929-7736 Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services: • Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011 Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਪੰਜਾਬ ਸਰਕਾਰ ਨੇ ਰਮਜ਼ਾਨ ਦੇ ਮਹੀਨੇ ਲਈ ਐਡਵਾਈਜ਼ਰੀ ਜਾਰੀ ਕੀਤੀ

ਚੰਡੀਗੜ੍ਹ, 23 ਅਪਰੈਲ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਕੋਰੋਨਾ ਵਾਇਰਸ ਦੀ ਮਹਾਂਮਾਰੀ ਦੇ ਕਾਰਨ ਰਮਜ਼ਾਨ ਦੇ ਮਹੀਨੇ ਨੂੰ ਸੁਰੱਖਿਅਤ ਢੰਗ ਨਾਲ ਮਨਾਉਣ ਲਈ ਅੱਜ ਇੱਕ ਐਡਵਾਈਜ਼ਰੀ ਜਾਰੀ ਕਰ ਦਿੱਤੀ ਹੈ।



ਅੱਜ ਬੁੱਧਵਾਰ ਨੂੰ ਰਾਜ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਸਰਕਾਰ ਨੇ ਮਨੁੱਖੀ ਮੇਲ ਜੋਲ ਨਾਲ ਬਿਮਾਰੀ ਨੂੰ ਫੈਲਣ ਤੋਂ ਰੋਕਣ ਦੇ ਉਦੇਸ਼ ਨਾਲ ਲੋਕਾਂ ਦੀ ਖੁੱਲ੍ਹੀ ਆਵਾਜਾਈ ਉੱਤੇ ਪਾਬੰਦੀ ਲਾਈ ਅਤੇ ਇਕੱਠ ਕਰਨ ਉੱਤੇ ਰੋਕ ਲਾ ਦਿੱਤੀ ਹੈ। ਮਹਾਂਮਾਰੀ ਕਾਰਨ ਪੈਦਾ ਹੋਏ ਸੰਕਟ ਦੇ ਸਮੇਂ ਵਿੱਚ ਰਮਜ਼ਾਨ ਦੇ ਮਹੀਨੇ ਦੇ ਜਸ਼ਨ ਮਨਾਉਣ ਦੀਆਂ ਥਾਵਾਂ ਉੱਤੇ ਕੁਝ ਖਾਸ ਰੋਕਾਂ, ਉਪਾਵਾਂ ਤੇ ਸਾਵਧਾਨੀਆਂ ਦੀ ਪਾਲਣਾ ਕਰਨ ਦੀ ਲੋੜ ਹੈ। ਪੰਜਾਬ ਸਰਕਾਰ ਨੇ ਇਸ ਬਾਰੇ ਮੁਸਲਿਮ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਸਾਰੇ ਨਿਰਦੇਸ਼ਾਂ ਦੀ ਪਾਲਣਾ ਕਰਨ, ਜਿਸ ਹੇਠ ਮਸਜਿਦਾਂ, ਦਰਗਾਹਾਂ, ਇਮਾਮਬਾੜੇ ਅਤੇ ਹੋਰ ਧਾਰਮਿਕ ਸੰਸਥਾਵਾਂ ਬੰਦ ਰਹਿਣਗੀਆਂ ਤੇ ਲੋਕਾਂ ਨੂੰ ਇਕੱਠ ਵਿੱਚ ਨਮਾਜ਼ ਅਦਾ ਕਰਨ, ਜੁੰਮੇ ਦੀ ਨਮਾਜ਼ ਤੇ ਤਰਾਵੀ ਅਦਾ ਕਰਨ ਦੀ ਪੂਰੀ ਮਨਾਹੀ ਹੋਵੇਗੀ। ਉਨ੍ਹਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਘਰਾਂ ਤੋਂ ਨਮਾਜ਼ ਅਦਾ ਕਰਨ। ਬੁਲਾਰੇ ਮੁਤਾਬਕ ਉਰਸ, ਪਬਲਿਕ ਤੇ ਪ੍ਰਾਈਵੇਟ ਇਫਤਾਰ ਪਾਰਟੀਆਂ, ਦਾਵਤ-ਏ-ਸੇਹਰੀ ਤੇ ਸ਼ਰਧਾਲੂਆਂ ਦੇ ਇਕੱਠ ਵਾਲੇ ਕਿਸੇ ਵੀ ਧਾਰਮਿਕ ਸਮਾਗਮ ਸਣੇ ਹਰ ਕਿਸਮ ਦੇ ਜਸ਼ਨਾਂ ਦਾ ਪ੍ਰਹੇਜ਼ ਕੀਤਾ ਜਾਵੇ। ਇਸ ਦੌਰਾਨ ਮਸਜਿਦ ਵਿੱਚ ਜੂਸ, ਸ਼ਰਬਤ ਜਾਂ ਖਾਣ-ਪੀਣ ਦੀਆਂ ਚੀਜ਼ਾਂ ਜਾਂ ਘਰ-ਘਰ ਜਾ ਕੇ ਵੰਡੀਆਂ ਜਾਂਦੀਆਂ ਚੀਜ਼ਾਂ ਦੀ ਜਨਤਕ ਵੰਡ ਉੱਤੇ ਰੋਕ ਰਹੇਗੀ। ਖਾਣ ਪੀਣ ਦੀਆਂ ਵਸਤਾਂ ਦੀਆਂ ਦੁਕਾਨਾਂ ਅਤੇ ਰੇਹੜੀਆਂ ਨੂੰ ਮਸਜਿਦ ਦੇ ਨੇੜੇ ਨਹੀਂ ਜਾਣ ਦਿੱਤਾ ਜਾਵੇਗਾ।

ਇਸ ਦੇ ਨਾਲ ਹੀ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਪਹਿਲਾਂ ਤੋਂ ਮੌਜੂਦ ਸਿਹਤ ਸਮੱਸਿਆਵਾਂ, ਜਿਵੇਂ ਸ਼ੂਗਰ, ਦਿਲ ਦੀਆਂ ਬਿਮਾਰੀਆਂ ਆਦਿ ਵਾਲੇ ਲੋਕ ਸਹੀ ਡਾਕਟਰੀ ਸਲਾਹ ਤੋਂ ਬਾਅਦ ਹੀ ਰੋਜ਼ਾ ਰੱਖਣ। ਉਨ੍ਹਾਂ ਕਿਹਾ ਕਿ ਮਸਜਿਦ ਵਿੱਚ ਲਾਊਡ ਸਪੀਕਰ ਦੀ ਵਰਤੋਂ ਕੇਵਲ ਸਥਾਨਕ ਅਧਿਕਾਰੀਆਂ ਵੱਲੋਂ ਕੋਈ ਅਨਾਊਂਸਮੈਂਟ ਕਰਨ ਜਾਂ ਲੋੜ ਪੈਣ ਉੱਤੇ ਸੇਹਰੀ ਦੇ ਅੰਤ ਤੇ ਇਫਤਾਰ ਸਮਾਂ ਸ਼ੁਰੂ ਹੋਣ ਦੇ ਐਲਾਨ ਲਈ ਹੀ ਕਰਨੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਘਰ ਰਹਿਣਾ ਚਾਹੀਦਾ ਹੈ ਤੇ ਰਿਸ਼ਤੇਦਾਰਾਂ, ਮਿੱਤਰਾਂ, ਗੁਆਂਢੀਆਂ ਆਦਿ ਨੂੰ ਇਨ੍ਹਾਂ ਦਿਨਾਂ ਦੌਰਾਨ ਹਰ ਸਮੇਂ ਹਰ ਕਿਸੇ ਤੋਂ ਘੱਟੋ-ਘੱਟ 1 ਮੀਟਰ ਦੂਰੀ ਬਣਾ ਕੇ ਸਮਾਜੀ ਦੂਰੀ ਦਾ ਨਿਯਮ ਮੰਨਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਸ਼ਨ ਮਨਾਉਣ ਅਤੇ ਸ਼ੁਭ ਕਾਮਨਾਵਾਂ ਦੇਣ ਲਈ ਹੋਰਨਾਂ ਨੂੰ ਜੱਫੀ ਪਾਉਣ ਤੇ ਹੱਥ ਮਿਲਾਉਣ ਦੀ ਬਜਾਏ ਸੰਚਾਰ ਤੇ ਦਿਲ ਦੇ ਪ੍ਰਗਟਾਵੇ ਦੇ ਹੋਰ ਢੰਗਾਂ ਵਜੋਂ ਦਿਲ ਉੱਤੇ ਹੱਥ ਰੱਖਣਾ, ਹੱਥ ਲਹਿਰਾਉਣਾ, ਸਿਰ ਹਿਲਾਉਣਾ ਆਦਿ ਨੂੰ ਇਕ ਦੂਜੇ ਨੂੰ ਵਧਾਈ ਦੇਣ ਲਈ ਵਰਤਿਆ ਜਾ ਸਕਦਾ ਹੈ।

# ਵਿਦੇਸ਼ਾਂ ਵਿੱਚ ਫਸੇ ਪੰਜਾਬੀਆਂ ਦੀ ਵਾਪਸੀ ਲਈ ਭਗਵੰਤ ਮਾਨ ਦੀ ਪ੍ਰਧਾਨ ਮੰਤਰੀ ਮੋਦੀ ਨੂੰ ਚਿੱਠੀ

ਚੰਡੀਗੜ੍ਹ, 23 ਅਪਰੈਲ, (ਪੋਸਟ ਬਿਊਰੋ)- ਸਾਰੇ ਸੰਸਾਰ ਵਿਚ ਕੋਰੋਨਾ ਵਾਇਰਸ ਦੀ ਮਹਾਮਾਰੀ ਕਾਰਨ ਜਦੋਂ ਉਡਾਣਾਂ ਦੀ ਹਰ ਦੇਸ਼ ਨੇ ਪਾਬੰਦੀ ਲਾਈ ਹੋਈ ਹੈ, ਉਸ ਵੇਲੇ ਵੱਖ-ਵੱਖ ਦੇਸ਼ਾਂ ਵਿੱਚ ਫਸੇ ਸੈਂਕੜੇ ਭਾਰਤੀਆਂ ਦੀ ਸੁਰੱਖਿਅਤ ਦੇਸ਼ ਵਾਪਸੀ ਯਕੀਨੀ ਕਰਨ ਲਈ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਵਿਸ਼ੇਸ਼ ਅਪੀਲ ਕੀਤੀ ਹੈ।



ਭਗਵੰਤ ਮਾਨ ਦੇ ਮੁਤਾਬਕ ਵਿਦੇਸ਼ਾਂ ਵਿਚ ਫਸੇ ਹੋਏ ਇਨ੍ਹਾਂ ਭਾਰਤੀਆਂ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ ਤੇ ਬਹੁਤ ਸਾਰੇ ਲੋਕ ਆਵਾਜਾਈ ਦੌਰਾਨ ਵੀ ਏਅਰਪੋਰਟਾਂ ਉੱਤੇ ਫਸੇ ਹੋਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭੇਜੇ ਗਏ ਪੱਤਰ ਨੂੰ ਅੱਜ ਬੁੱਧਵਾਰ ਪਾਰਟੀ ਦਫਤਰ ਤੋਂ ਮੀਡੀਆ ਨੂੰ ਜਾਰੀ ਕਰਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਕਈ ਲੋਕ ਆਸਟਰੇਲੀਆ, ਨਿਊਜ਼ੀਲੈਂਡ, ਕੈਨੇਡਾ, ਇਟਲੀ, ਬ੍ਰਿਟੇਨ, ਅਮਰੀਕਾ, ਫਰਾਂਸ, ਸਪੇਨ, ਦੁਬਈ ਤੇ ਸਾਊਦੀ ਅਰਬ ਸਣੇ ਵੱਖ-ਵੱਖ ਦੇਸ਼ਾਂ ਵਿਚ ਟੂਰਿਸਟ ਜਾਂ ਵਿਜ਼ਟਰ ਵੀਜ਼ੇ ਉੱਤੇ ਗਏ ਜਾਂ ਵਿਦੇਸ਼ ਪੜ੍ਹਦੇ ਬੱਚਿਆਂ ਨੂੰ ਮਿਲਣ ਅਤੇ ਆਪਣਾ ਇਲਾਜ ਕਰਾਉਣ ਜਾਂ ਸੈਰ-ਸਪਾਟੇ ਲਈ ਗਏ ਸਨ। ਕੋਰੋਨਾ ਵਾਇਰਸ ਕਾਰਨ ਵੱਖ-ਵੱਖ ਦੇਸ਼ਾਂ ਵੱਲੋਂ ਲੌਕਡਾਊਨ ਦੌਰਾਨ ਅੰਤਰਰਾਸ਼ਟਰੀ ਫਲਾਈਟਾਂ ਬੰਦ ਹੋਣ ਕਰਕੇ ਇਹ ਓਥੇ ਫਸ ਗਏ ਹਨ। ਮਾਨ ਨੇ ਕਿਹਾ ਇਨ੍ਹਾਂ ਵਿਚ ਬਹੁਤਿਆਂ ਨੇ ਮਾਰਚ ਤੇ ਅਪ੍ਰੈਲ ਵਿਚ ਦੇਸ਼ ਵਾਪਸੀ ਕਰਨੀ ਸੀ, ਏਦਾਂ ਨਾ ਹੋਣ ਕਰਕੇ ਇਨ੍ਹਾਂ ਨੂੰ ਭਾਰੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਹੜੇ ਲੋਕਾਂ ਨੂੰ ਕੋਈ ਸਿਹਤ ਦੀ ਸਮੱਸਿਆ ਹੈ, ਉਹ ਵਿੱਤੀ ਸੰਕਟ ਦੇ ਨਾਲ ਦਵਾਈਆਂ ਦੀ ਕਮੀ ਤੋਂ ਵੀ ਤੰਗ ਹਨ। ਕਈ ਨਾਗਰਿਕਾਂ ਨੂੰ ਵੀਜ਼ੇ ਦੀ ਮਿਆਦ ਪੂਰੀ ਹੋਣ ਸਮੇਤ ਕਈ ਕਾਨੂੰਨੀ ਅੜਚਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਿੱਜੀ ਦਖ਼ਲ ਦੇ ਕੇ ਵਿਸ਼ੇਸ਼ ਉਡਾਣਾਂ ਦਾ ਪ੍ਰਬੰਧ ਕਰਨ ਅਤੇ ਇਨ੍ਹਾਂ ਪੰਜਾਬੀਆਂ ਸਮੇਤ ਭਾਰਤੀ ਲੋਕਾਂ ਦੀ ਸੁਰੱਖਿਅਤ ਘਰ ਵਾਪਸੀ ਕਰਵਾਉਣ। ਭਗਵੰਤ ਮਾਨ ਨੇ ਇਸ ਦੀ ਇੱਕ ਕਾਪੀ ਕੇਂਦਰੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤੇ ਪੰਜਾਬ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਭੇਜੀ ਹੈ।

## ਬਾਜਵਾ ਵਲੋਂ ਸੂਬੇ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਕੌਮੀ ਪੰਚਾਇਤੀ ਰਾਜ ਦਿਵਸ ਦੀ ਵਧਾਈ

ਚੰਡੀਗੜ੍ਹ, 23 ਅਪ੍ਰੈਲ (ਪੋਸਟ ਬਿਊਰੋ): ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਅੱਜ ਸੂਬੇ ਦੀਆਂ ਸਮੂਹ ਪੰਚਾਇਤਾਂ, ਬਲਾਕ ਸੰਮਿਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਨੂੰ ਕੌਮੀ ਪੰਚਾਇਤੀ ਰਾਜ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਰਾਜ ਦੀਆਂ ਸਾਰੀਆਂ ਪੰਚਾਇਤੀ ਰਾਜ ਸੰਸਥਾਵਾਂ ਵਲੋਂ ਕਰੋਨਾ ਮਹਾਂਮਾਰੀ ਵਿਰੁੱਧ ਲੜੀ ਜਾ ਰਹੀ ਜੰਗ ’ਚ ਅਗਲੀਆਂ ਸਫਾਂ ’ਚ ਰਹਿ ਕੇ ਲੜਾਈ ਲੜੀ ਜਾ ਰਹੀ ਹੈ। ਬਾਜਵਾ ਨੇ ਕਿਹਾ ਕਿ ਪੰਚਾਇਤੀ ਰਾਜ ਸੰਸਥਾਵਾਂ ਜਿੱਥੇ ਪਿੰਡਾਂ ਦੇ ਬਹੁਪੱਖੀ ਵਿਕਾਸ ’ਚ ਅਹਿਮ ਯੋਗਦਾਨ ਪਾ ਰਹੀਆਂ ਹਨ ਅਤੇ ਹਰ ਕੁਦਰਤੀ ਆਫ਼ਤ ਸਮੇਂ ਵੀ ਨਾ ਸਿਰਫ਼ ਪੇਂਡੂ ਬਲਕਿ ਸ਼ਹਿਰੀ ਖੇਤਰ ਦੇ ਲੋਕਾਂ ਦੇ ਬਚਾਅ ਅਤੇ ਮਦਦ ਲਈ ਵੀ ਹਮੇਸ਼ਾ ਅੱਗੇ ਆਉਂਦੀਆਂ ਰਹੀਆਂ ਹਨ। ਅਜੋਕੀ ਕਰੋਨਾ ਮਹਾਂਮਾਰੀ ਦੇ ਭਿਅੰਕਰ ਦੌਰ ’ਚ ਵੀ ਪੰਜਾਬ ਦੇ ਪੇਂਡੂ ਖੇਤਰ ਦਾ ਵੱਡੇ ਤੌਰ ’ਤੇ ਬਚੇ ਰਹਿਣਾ ਪੰਚਾਇਤਾਂ ਵਲੋਂ ਆਪਣੇ ਆਪਣੇ ਪਿੰਡਾਂ ’ਚ ਵਰਤੀ ਗਈ ਸਖ਼ਤ ਚੌਕਸੀ ਕਾਰਨ ਹੀ ਸੰਭਵ ਹੋਇਆ ਹੈ।

## ਲੌਕਡਾਊਨ ਦੌਰਾਨ ਵੀ ਬੇਲਗ਼ਾਮ ਕਿਵੇਂ ਹੈ ਡਰੱਗ ਮਾਫ਼ੀਆ : ਚੀਮਾ

ਚੰਡੀਗੜ੍ਹ, 23 ਅਪ੍ਰੈਲ (ਪੋਸਟ ਬਿਊਰੋ): ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਇਸ ਗੱਲ ’ਤੇ ਡੂੰਘੀ ਚਿੰਤਾ ਜਤਾਈ ਹੈ ਕਿ ਕਰਫ਼ਿਊ (ਲੌਕਡਾਊਨ) ਦੌਰਾਨ ਵੀ ਪੰਜਾਬ ਅਤੇ ਗੁਆਂਢੀ ਰਾਜਾਂ ’ਚ ਡਰੱਗ ਮਾਫ਼ੀਆ ਕਿਵੇਂ ਬੇਲਗ਼ਾਮ ਹੋ ਗਿਆ ਹੈ? ਨਤੀਜੇ ਵਜੋਂ ਨੌਜਵਾਨ ਆਪਣੀਆਂ ਕੀਮਤੀ ਜਾਨਾਂ ਗੁਆ ਰਹੇ ਹਨ।

ਨੇਤਾ ਵਿਰੋਧੀ ਧਿਰ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪਿਛਲੇ ਤਿੰਨ ਦਿਨਾਂ ’ਚ ਇੱਕ ਨੌਜਵਾਨ ਨੂੰ ਡਰੱਗ ਮਾਫ਼ੀਆ ਨੇ ਗੋਲੀਆਂ ਨਾਲ ਭੁੰਨ ਦਿੱਤਾ ਅਤੇ 2 ਨੌਜਵਾਨ ਨਸ਼ੇ ਦੀ ਓਵਰ ਡੋਜ਼ ਦੀ ਭੇਂਟ ਚੜ੍ਹ ਗਏ। ਚੀਮਾ ਮੁਤਾਬਿਕ ਇਹ ਸਿਰਫ਼ ਉਹ ਮਾਮਲੇ ਹਨ ਜੋ ਮੀਡੀਆ ਰਾਹੀਂ ਸਾਹਮਣੇ ਆਏ ਹਨ। ਬਿਨਾਂ ਸ਼ੱਕ ਅਜਿਹੇ ਹੋਰ ਵੀ ਮਾਮਲੇ ਹੋਣਗੇ ਜੋ ਮੀਡੀਆ ਦੀਆਂ ਸੁਰਖ਼ੀਆਂ ਨਹੀਂ ਬਣੇ ਹੋਏ।

ਹਰਪਾਲ ਸਿੰਘ ਚੀਮਾ ਨੇ ਫ਼ਿਰੋਜ਼ਪੁਰ ਜ਼ਿਲੇ ’ਚ ਕੋਰੋਨਾ ਰੋਕਣ ਲਈ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਪਿੰਡਾਂ ਦੇ ਲੋਕਾਂ ਵਲੋਂ ਲਗਾਏ ਗਏ ਨਾਕੇ ‘ਤੇ ਤੈਨਾਤ ਪਿੰਡ ਦੇ 2 ਨੌਜਵਾਨਾਂ ਨੂੰ ਗੋਲੀਆਂ ਨਾਲ ਭੁੰਨਣ ਵਾਲੇ ਡਰੱਗ ਮਾਫ਼ੀਆ ਨਾਲ ਜੁੜੇ ਹੋਏ ਤਸਕਰ ਦੱਸੇ ਜਾ ਰਹੇ ਹਨ। ਇਸ ਲਈ ਸਰਕਾਰ ਨੂੰ ਜਿੱਥੇ ਇਸ ਮਾਮਲੇ ਦੀ ਉੱਚ ਪੱਧਰੀ ਅਤੇ ਸਮਾਂਬੱਧ ਨਿਆਇਕ ਜਾਂਚ ਕਰਵਾਉਣੀ ਚਾਹੀਦੀ ਹੈ, ਉੱਥੇ ਮਾਰੇ ਗਏ ਨੌਜਵਾਨ ਜੱਜ ਸਿੰਘ ਨੂੰ ਕੋਰੋਨਾ ਵਿਰੁੱਧ ਜੰਗ ਦਾ ‘ਸ਼ਹੀਦ’ ਐਲਾਨ ਕੇ ਉਸ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਅਤੇ ਪਰਿਵਾਰ ’ਚ ਯੋਗਤਾ ਮੁਤਾਬਿਕ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਐਲਾਨੀ ਜਾਵੇ। ਜਦਕਿ ਜ਼ਖਮੀ ਹੋਏ ਨੌਜਵਾਨ ਦੇ ਇਲਾਜ ਦਾ ਸਾਰਾ ਖ਼ਰਚ ਸਰਕਾਰ ਚੁੱਕੇ ਅਤੇ ਉਸਨੂੰ ਉਸ ਦੀ ਯੋਗਤਾ ਮੁਤਾਬਿਕ ਸਰਕਾਰੀ ਨੌਕਰੀ ਦਿੱਤੀ ਜਾਵੇ।

ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਹੈਰਾਨੀ ਇਸ ਗੱਲ ਦੀ ਹੈ ਕਿ ਕਰਫ਼ਿਊ ਦੌਰਾਨ ਵੀ ਨਸ਼ੇ ਦੇ ਵਪਾਰੀ ਸਰਗਰਮ ਹਨ। ਜੇਕਰ ਸਰਕਾਰ ਨੇ ਸਖ਼ਤੀ ਨਾਲ ਡਰੱਗ ਮਾਫ਼ੀਆ ‘ਤੇ ਕਾਬੂ ਪਾਇਆ ਹੁੰਦਾ ਤਾਂ ਮਾਨਸਾ ਜ਼ਿਲੇ ਦੇ ਦੋ ਅੱਲੜ ਨੌਜਵਾਨ ਨਸ਼ੇ ਦੀ ਭੇਂਟ ਨਾ ਚੜਦੇ। ਚੀਮਾ ਨੇ ਮੰਗ ਕੀਤੀ ਕਿ ਕੈਪਟਨ ਸਰਕਾਰ ਨਸ਼ਾ ਤਸਕਰਾਂ ਵਿਰੁਧ ਸਖ਼ਤ ਤੋਂ ਸਖ਼ਤ ਕਦਮ ਉਠਾ ਕੇ ਆਪਣੀ ਤਿੰਨ ਸਾਲਾਂ ਦੀ ਸਰਕਾਰ ’ਤੇ ਮਾਫ਼ੀਆ ਦੀ ਪੁਸ਼ਤ ਪਨਾਹੀ ਕਰਨ ਦੇ ਲੱਗੇ ਦਾਗ਼ ਧੋਏ।


## ਰਾਜਪੁਰਾ ’ਚ ਕੋਰੋਨਾ ਵਾਇਰਸ ਫੈਲਣ ਦੇ ਕਾਰਨਾਂ ਦੀ ਨਿਆਇਕ ਜਾਂਚ ਕਰਾਉਣ ਕੈਪਟਨ : ਆਪ

ਚੰਡੀਗੜ੍ਹ, 23 ਅਪ੍ਰੈਲ (ਪੋਸਟ ਬਿਊਰੋ): ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਰਾਜਪੁਰਾ (ਪਟਿਆਲਾ) ਸ਼ਹਿਰ 'ਚ ਕੋਰੋਨਾ ਵਾਇਰਸ ਫੈਲਣ ਦੇ ਕਾਰਨਾਂ ਦੀ ਨਿਆਇਕ ਅਤੇ ਸਮਾਂਬੱਧ ਜਾਂਚ ਮੰਗੀ ਹੈ।ਪਾਰਟੀ ਹੈੱਡਕੁਆਟਰ ਤੋਂ ਜਾਰੀ ਬਿਆਨ ਰਾਹੀਂ ਪਾਰਟੀ ਦੀ ਮੁੱਖ ਬੁਲ-ਾਰਾ ਅਤੇ ਵਿਧਾਇਕ ਪ੍ਰੋ. ਬਲਜਿੰਦਰ ਕੌਰ ਅਤੇ ਟਰੇਡ ਵਿੰਗ ਦੀ ਸੂਬਾ ਪ੍ਰਧਾਨ ਅਤੇ ਰਾਜਪੁਰਾ ਹਲਕਾ ਪ੍ਰਧਾਨ ਨੀਨਾ ਮਿੱਤਲ ਨੇ ਕਿਹਾ ਹੈ ਕਿ ਰਾਜਪੁਰਾ ਸ਼ਹਿਰ 'ਚ ਕੋਰੋਨਾ-ਵਾਇਰਸ ਦੇ ਐਨੇ ਵੱਡੇ ਹਮਲੇ ਪਿੱਛੇ ਬੜੇ ਗੰਭੀਰ ਅਤੇ ਸਾਧਾਰਨ ਕਾਰਨ ਹਨ, ਜਿੰਨਾ ਦੀ ਨਿਰਪੱਖ ਅਤੇ ਪਾਰਦਰਸ਼ੀ ਜੁਡੀਸ਼ੀਅਲ ਜਾਂਚ ਹੋਣੀ ਜ਼ਰੂਰੀ ਹੈ।

ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਹੁਣ ਤੱਕ ਪ੍ਰਾਪਤ ਅੰਕੜਿਆਂ ਮੁਤਾਬਿਕ ਰਾਜਪੁਰਾ ਸ਼ਹਿਰ ਦੇ ਪੁਰਾਣੀ ਅਨਾਜ ਮੰਡੀ ਨੀਲਪੁਰ, ਸਤਨਾਮ ਨਗਰ ਅਤੇ ਪੁਰਾਣਾ ਸ਼ਹਿਰ ਇਲਾਕੇ 'ਚ 30 ਕੋਰੋਨਾ ਪਾਜੇਟਿਵ ਕੇਸ ਆ ਚੁੱਕੇ ਹਨ, ਜਦਕਿ 300 ਤੋਂ ਵੱਧ ਸ਼ੱਕੀ ਮਰੀਜ਼ਾਂ ਦੇ ਸੈਂਪਲ ਜਾਂਚ ਲਈ ਭੇਜੇ ਜਾ ਚੁੱਕੇ ਹਨ, ਜਿੰਨਾ ਦਾ ਨਤੀਜਾ ਆਉਣਾ ਬਾਕੀ ਹੈ।

ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਕੋਰੋਨਾ ਪਾਜੇਟਿਵ ਪੀੜਤਾਂ 'ਚ ਰਾਜਪੁਰਾ ਦੇ ਇੱਕ ਨਾਮੀ ਸਿਆਸਤਦਾਨ ਦੇ ਪਰਿਵਾਰਕ ਮੈਂਬਰ ਦਾ ਨਾਮ ਵੀ ਸ਼ਾਮਿਲ ਹੈ। ਜਿਸ ਬਾਰੇ ਕਈ ਤਰਾਂ ਦੀਆਂ ਚਰਚਾਵਾਂ ਦਾ ਬਾਜ਼ਾਰ ਗਰਮ ਹੈ। ਇਸ ਲਈ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਚਾਹੀਦਾ ਹੈ ਕਿ ਰਾਜਪੁਰਾ 'ਚ ਅੰਨ੍ਹੇਵਾਹ ਕੋਰੋਨਾ ਫੈਲਣ ਦੇ ਅਸਲ ਕਾਰਨਾਂ ਅਤੇ ਇਸ ਲਈ ਜ਼ਿੰਮੇਵਾਰ ਲੋਕਾਂ ਦੀ ਡੂੰਘੀ ਜਾਂਚ ਪੜਤਾਲ ਹੋਣੀ ਚਾਹੀਦੀ ਹੈ, ਕਿਉਂਕਿ ਇਸ ਪਿੱਛੇ ਹੁੱਕਾ ਪਾਰਟੀਆਂ ਅਤੇ ਸੱਟੇਬਾਜ਼ੀ ਨਾਲ ਜੁੜੀਆਂ ਸਰਗੋਸ਼ੀਆਂ (ਵਿਸਪਰਿੰਗਜ) ਸ਼ਾਮਲ ਹਨ। ਇਸ ਸੰਬੰਧੀ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਸਾਹਮਣੇ ਲਿਆਉਣਾ ਮੁੱਖ ਮੰਤਰੀ ਦੀ ਨੈਤਿਕ ਜ਼ਿੰਮੇਵਾਰੀ ਹੈ, ਕਿਉਂਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਧਰਮ-ਪਤਨੀ ਇਸ ਇਲਾਕੇ ਦੇ ਚੁਣੇ ਹੋਏ ਸੰਸਦ ਮੈਂਬਰ ਹਨ।

ਰਾਜਪੁਰਾ ਤੋਂ 'ਆਪ' ਦੀ ਹਲਕਾ ਪ੍ਰਧਾਨ ਅਤੇ ਵਪਾਰ ਵਿੰਗ ਆਗੂ ਮੈਡਮ ਨੀਨਾ ਮਿੱਤਲ ਨੇ ਕਿਹਾ ਕਿ ਸਿਆਸੀ ਪੁਸ਼ਤ ਪਨਾਹੀ ਹੇਠ ਰਾਜਪੁਰਾ ਪਿਛਲੇ ਲੰਬੇ ਸਮੇਂ ਤੋਂ ਸੱਟੇਬਾਜ਼ੀ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮਸ਼ਹੂਰ ਹੈ। ਸਰਕਾਰਾਂ ਬਦਲਣ ਨਾਲ ਸਿਰਫ਼ ਚਿਹਰੇ ਬਦਲਦੇ ਹਨ ਪਰ ਸੱਟੇਬਾਜ਼ੀ ਜਿਉਂ ਦੀ ਤਿਉਂ ਚੱਲਦੀ ਹੈ। ਨੀਨਾ ਮਿੱਤਲ ਨੇ ਕਿਹਾ ਕਿ ਨੀਲਪੁਰ ਇਲਾਕੇ 'ਚ ਹੁੰਦੀਆਂ ਹੁੱਕਾ ਪਾਰਟੀਆਂ ਅਤੇ ਸੱਟੇਬਾਜੀਆਂ ਨੇ ਸ਼ਹਿਰ 'ਚ ਕੋਰੋਨਾ ਵੰਡਿਆ ਹੈ। ਇਹ ਚਰਚਾ ਪੂਰੇ ਸ਼ਹਿਰ 'ਚ ਗਰਮ ਹੈ। ਨੀਨਾ ਮਿੱਤਲ ਅਨੁਸਾਰ ਬੇਸ਼ੱਕ ਕਿੰਨੇ ਵੀ ਸਿਆਸੀ ਤੇ ਪ੍ਰਭਾਵਸ਼ਾਲੀ ਲੋਕ ਇਸ ਧੰਦੇ 'ਚ ਸ਼ਾਮਿਲ ਕਿਉਂ ਨਾ ਹੋਣ? ਪਰੰਤੂ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਇਸ ਪੂਰੇ ਮਾਮਲੇ ਦੀ ਜੜ ਤੱਕ ਜਾਂਚ ਕਰਾਉਣੀ ਚਾਹੀਦੀ ਹੈ, ਕਿਉਂਕਿ ਸਰਕਾਰ ਇਸ ਪਿੱਛੇ ਫੈਲੀਆਂ ਚਰਚਾਵਾਂ ਨੂੰ ਕਿਸੇ ਵੀ ਲਿਹਾਜ਼ ਨਾਲ ਨਜ਼ਰਅੰਦਾਜ਼ ਨਹੀਂ ਕਰ ਸਕਦੀ।



ਫੈਲਣ ਤੋਂ ਰੋਕੋ।
ਕੋਵਿਡ-19
ਜਾਨਲੇਵਾ ਹੋ ਸਕਦੀ ਹੈ।
ਘਰ ਵਿੱਚ ਰਹੋ।
ਜੀਵਨ ਬਚਾਓ।



ontario.ca/coronavirus‘ਤੇ ਜਾਓ
ਓਂਟਾਰੀਓ ਸਰਕਾਰ ਦੁਆਰਾ ਜਾਰੀ

Ontario

# COVID-19 ਦੇ ਫੈਲਾਅ ਨੂੰ ਘਟਾਉਣ ਵਿੱਚ ਸਹਾਇਤਾ ਕਰੋ

## ਕੋਰੋਨਾਵਾਇਰਸ ਬਿਮਾਰੀ ਦੇ ਫੈਲਾਅ ਨੂੰ ਘਟਾਉਣ ਲਈ ਕਦਮ ਚੁੱਕੋ (COVID-19):

- ਆਪਣੀ ਸਥਾਨਕ ਪਬਲਿਕ ਹੈਲਥ ਅਥਾਰਟੀ ਦੀ ਸਲਾਹ ਦੀ ਪਾਲਣਾ ਕਰੋ।
- ਆਪਣੇ ਹੱਥ ਅਕਸਰ ਸਾਬਣ ਅਤੇ ਪਾਣੀ ਨਾਲ ਘੱਟੋ ਘੱਟ 20 ਸਕਿੰਟਾਂ ਲਈ ਧੋਵੋ।
- ਜੇ ਸਾਬਣ ਅਤੇ ਪਾਣੀ ਉਪਲਬਧ ਨਾ ਹੋਣ ਤਾਂ ਅਲਕੋਹਲ ਅਧਾਰਤ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰੋ।
- ਆਪਣੀਆਂ ਅੱਖਾਂ, ਨੱਕ ਜਾਂ ਮੂੰਹ ਨੂੰ ਹੱਥ ਨਾ ਲਗਾਉਣ ਦੀ ਕੋਸ਼ਿਸ਼ ਕਰੋ।
- ਉਨ੍ਹਾਂ ਲੋਕਾਂ ਨਾਲ ਨੇੜਲੇ ਸੰਪਰਕ ਤੋਂ ਪਰਹੇਜ਼ ਕਰੋ ਜੋ ਬਿਮਾਰ ਹਨ।
- ਆਪਣੀ ਆਸਤੀਨ ਵਿੱਚ ਖੰਘੋ ਜਾਂ ਛਿੱਕੋ ਅਤੇ ਆਪਣੇ ਹੱਥਾਂ ਵਿੱਚ ਨਹੀਂ।
- ਜਿੰਨਾ ਸੰਭਵ ਹੋ ਸਕੇ ਘਰ ਰਹੋ ਅਤੇ ਜੇ ਤੁਹਾਨੂੰ ਘਰੋਂ ਬਾਹਰ ਜਾਣ ਦੀ ਜ਼ਰੂਰਤ ਪੈਂਦੀ ਹੈ, ਤਾਂ ਸਰੀਰਕ ਦੂਰੀ (ਲਗਭਗ 2 ਮੀਟਰ) ਦਾ ਅਭਿਆਸ ਕਰੋ।

## ਲੱਛਣ

COVID-19 ਦੇ ਲੱਛਣ ਬਹੁਤ ਹਲਕੇ ਜਾਂ ਵਧੇਰੇ ਗੰਭੀਰ ਹੋ ਸਕਦੇ ਹਨ ਅਤੇ ਇਹਨਾਂ ਦੇ ਪ੍ਰਕਟ ਹੋਣ ਨੂੰ ਵਾਇਰਸ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ 14 ਦਿਨ ਲੱਗ ਸਕਦੇ ਹਨ।

**ਬੁਖਾਰ**
(38 °C ਦੇ ਬਰਾਬਰ ਜਾਂ ਇਸ ਤੋਂ ਵੱਧ)

**ਖੰਘ**

**ਸਾਹ ਲੈਣ ਵਿਚ ਮੁਸ਼ਕਲ**

## ਜੇ ਤੁਹਾਡੇ ਕੋਈ ਲੱਛਣ ਹਨ

- ਦੂਜਿਆਂ ਨੂੰ ਬਿਮਾਰੀ ਫੈਲਾਉਣ ਤੋਂ ਬਚਣ ਲਈ ਘਰ ਵਿੱਚ ਅਲੱਗ ਰਹੋ।
- ਵਡੇਰੀ ਉਮਰ ਦੇ ਬਾਲਗਾਂ ਜਾਂ ਮੈਡੀਕਲ ਹਾਲਾਤਾਂ ਵਾਲੇ ਲੋਕਾਂ ਨੂੰ ਮਿਲਣ ਤੋਂ ਪਰਹੇਜ਼ ਕਰੋ। ਉਨ੍ਹਾਂ ਨੂੰ ਗੰਭੀਰ ਬਿਮਾਰੀ ਵਿਕਸਿਤ ਹੋਣ ਦਾ ਵੱਧ ਜੋਖਮ ਹੁੰਦਾ ਹੈ।
- ਸਿਹਤ ਦੇਖਭਾਲ ਪੇਸ਼ੇਵਰ ਨੂੰ ਮਿਲਣ ਤੋਂ ਪਹਿਲਾਂ ਕਾਲ ਕਰੋ ਜਾਂ ਆਪਣੀ ਪਬਲਿਕ ਹੈਲਥ ਅਥਾਰਟੀ ਨੂੰ ਕਾਲ ਕਰੋ।
- ਜੇ ਤੁਹਾਡੇ ਲੱਛਣ ਵਿਗੜ ਜਾਂਦੇ ਹਨ, ਤਾਂ ਤੁਰੰਤ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਜਾਂ ਪਬਲਿਕ ਹੈਲਥ ਅਥਾਰਟੀ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਦੇ ਨਿਰਦੇਸ਼ਾਂ ਦਾ ਪਾਲਣ ਕਰੋ।

## COVID-19 ਬਾਰੇ ਜਾਣਕਾਰੀ ਲਈ:

1-833-784-4397 @ canada.ca/coronavirus

Public Health Agency of Canada | Agence de la santé publique du Canada

Canada